ਸਿੱਧਾ ਲੰਘ ਜਾਂਦਾ ਤੰਬੂ ਵਿੱਚ ਦੋਹਾਂ ਦੀ ਸਲਾਮੋਲੈਕੀ ਹੋਈ ਬਾਰ ਬਾਰ ਜੀ। ਬੈਠ ਜਾਂਦੇ ਜਬ ਸੂਬਾ ਪੁਛਦਾ ਪ੍ਰੇਮ ਨਾਲ ਕਿਥੋਂ ਆਏ ਖਾਂਨ ਸਾਹਿਬ ਕਰੋ ਗੁਫ਼ਤਾਰ ਜੀ ? ਸੀਤਾਰਾਂਮਾ ਸੁਣਕੇ ਬਿਆਨ ਸੂਬੇ ਸ਼ੇਰਖ਼ਾਂ ਦਾ ਨੈਣ ਲਾਲ ਕਰ ਅੱਗੋਂ ਬੋਲਦਾ ਸਰਦਾਰ ਜੀ. ਖਾਂਨਸਾਹਿਬ ਨਹੀਂ ਮੇਰਾ ਨਾਮ ਹਰੀਸਿੰਘਹੈਗਾ ਬੇੜਾ ਜਿਨਤੁਮਰਾ ਗਰਕ ਕੀਤਾ ਸਬਰੇ। ਹੁਣ ਮੈਂ ਸੋਚਾਂ ਕਾਹਨੂੰ ਮਾਰਨੇ ਬਿਗਾਨੇ ਸੁਤ ਦੋਵੇਂ ਜਣੇ ਲੜੀਏ ਮਦਾਂਨ ਵਿੱਚਅੱਬਰੇ। ਪੈਲਾ ਵਾਰ ਤੇਰਾ ਕਰ ਆਖਿਆ ਵਿੰਗ ਰ ਕੇ ਮੈਂ ਰੱਖੀ ਨਾ ਗੁਮਾਨ ਕੋਈ ਦਿਲ ਵਿੱਚ ਅਬਰੇ। ਸੀਤਾਰਾਂਮਾ ਸੁਣਕੇ ਬਚਨ ਸੂਬੇ ਸ਼ੇਰਖਾਂ ਦਾ ਛੁੱਟ ਜਾਂਦਾ ਬੌਲ ਟੁੱਟ ਜਾਂਵਦਾ ਗ਼ਰੱਬ ਰੇ। ਹੋਸ਼ ਹੋਏ ਗ਼ੁਮ ਪਰ ਘਰ ਆਯਾ ਜਾਨਕੇ ਤੇ ਖਿਚ ਤਿਨ ਤੇਗ਼ ਹਰੀਸਿੰਘ ਤੇ ਚਲਾਈ ਸੀ। ਰੋਕ ਲੀਤੀ ਝੱਟ ਤਲਵਾਰ ਔਂਦੀ ਖਾਲਸੇ ਨੇ ਮਾਰਕੇ ਤੇ ਖੰਡਾ ਜਾਨ ਸੂਬੇ ਦੀ ਗਵਾਈ ਸੀ। ਚੜ੍ਹ ਜਾਂਦਾ ਘੋੜੇ ਉੱਤੇ ਲੈਂਦਾ ਅਸਵਾਰ ਚਾਰੇ ਰਣ ਵਿੱਚ ਜਾਏ ਨਦੀ ਲਹੂ ਦੀ ਵਗਾਈ ਸੀ। ਸੀਤਾਰਾਂਮਾ ਸੱਥਰਾਂ ਦੇ ਸੱਥਰ ਵਿਛਾਏ ਦਿੱਤੇ ਨੱਠਜਾਂਦੇ ਬਾਕੀ ਜਿੰਦਾ ਛੋਡਿਆ ਨਾ ਕਾਈ ਸੀ.

ਹਾਜੀ ਖਾਂ ਕਾਕੜ ਦੀਆਂ ਜਹਾਦੀ ਲੜਾਈਆਂ. (੫੯)

ਪਠਾਨ ਜਦ ਹਰ ਪਾਸਿਓਂ ਹੀਨ ਨਾਕੇ ਵਿੱਚ ਆ ਗਏ ਤਾਂ ਏਨ੍ਹਾਂ ਨੇ ਫੇਰ ਓਹੋ ਜਹਾਦੀ ਮਸਲਾ ਛੇੜਿਆ, ਜਿਸ ਨਾਲ ਏਹ ਹਰ ਇੱਕ ਨੂੰ ਹੀ ਹਫੜਾ ਤਫੜੀ ਪਾ ਦੇਂਦੇ ਹਨ.

ਅਮੀਰਦੋਸਤ ਮੁਹੰਮਦ ਖ਼ਾਂ ਵੀ ਆਪਨੀ ਭਾਂਜਤੋਂ ਤਪਦਾ ਸੀ, ਅਤੇ ਜਮਰੋਦ ਦਾ ਕਿਲਾ ਬਣਿਆ ਸੁਣਕੇ ਤਾਂ ਇਸਦੀ

ਛਾਤੀ ਤੇ ਸਪਲੇਟਨ ਲਗ ਗਏ, ਭਾਵੇਂ ਓਹ ਜਾਨਦਾ ਸੀ ਕਿ ਖਾਲਸਈ ਦੱਲ ਦਾ ਮੁਕਾਬਲਾ ਕੁਛ ਸਹਿਲ ਨਹੀਂ ਹੈ, ਪਰ ਤਦ ਵੀ ਜਹਾਦੀ ਮਸਲੇ ਨੂੰ ਛੇੜਕੇ ਦੇਸ ਵਿੱਚ ਸੈਂਕੜੇ ਮੁਲਾਣੇ ਗਾਜ਼ੀ ਪ੍ਰੇਰਨ ਵਾਸਤੇ ਓਸਨੇ ਭੇਜ ਦਿੱਤੇ.

ਮੁਲਾਨਿਆਂ ਦਾ ਮੁਲਕ ਨੂੰ ਜਹਾਦ ਦਾ ਮਸਲਾ ਛੇੜਕੇ ਲੜਾਈ ਲਈ ਉਭਾਰਨਾ. (੯੦)

ਮੁਲਵਾਣਿਆਂ ਨੇ ਭੀ ਐਸੇ ਜੋਸ਼ ਤੇ ਰੋਸ ਚੜਾਨ ਵਾਲੇ ਪ੍ਰਸੰਗ ਅਨਪੜ ਪਠਾਨਾਂ ਨੂੰ ਸੁਣਾਕੇ ਪ੍ਰੇਰਿਆ, ਕਿ ਏਹ ਕਾਫਰ ਲੋਗ ਹਜ਼ਰਤ ਦੀ ਉਮੱਤ ਨੂੰ ਦਬਾਉਂਦੇ ਹਨ, ਤੇ ਸਾਡਾ ਰਾਜ ਖੋਹਕੇ ਅੱਗੇ ਵਧੇ ਚਲੇ ਆਂਉਦੇ ਹਨ, ਇਸ ਵਾਸਤੇ ਹਰ ਇੱਕ ਮਰਦ ਬੱਚਾ ਇਸਤ੍ਰੀ ਆਪਨੇ ਦੇਸ਼ ਨੂੰ ਬਚਾਨ ਤੇ ਹਜ਼ਰਤ ਦੇ ਫੁਰਮਾਨ ਨੂੰ ਪੂਰਾ ਕਰਨ ਵਾਸਤੇ ਗਾਜ਼ੀ ਬਣੇ, ਏਹ ਹੁਨ ਪਹਿਲਾ ਮੌਕਾ ਹੈ ਕਿ ਏਨ੍ਹਾਂ ਸਿੰਘਾਂ ਨੇ ਜਮਰੋਦ ਵਿੱਚ ਕਿਲਾ ਬਨਾਯਾ ਹੈ, ਸਤ ਸੌ ਸਾਲ ਤਕ ਹਿੰਦ ਦੇ ਕਿਸੇ ਵੱਡੇ ਬਾਦਸ਼ਾਹ ਨੂੰ ਜੋ ਅਪਨੇ ਆਪਨੂੰ ਚਕ੍ਰਵਰਤੀ ਤੇ ਬੜੇ ਸੂਰਮੇ ਵੀ ਕਹਿੰਦੇ ਰਹੇ ਏਹ ਹੌਸਲਾ ਨਹੀਂ ਸੀ ਪਿਆ, ਅਤੇ ਸਾਡਾ ਰਾਜ ਹਿਮਾਲਾ ਤੋਂ ਰਾਸ ਕੁਮਾਰੀ ਤਕ ਸੀ, ਕਿਸੇ ਨੇ ਕੰਨ ਤਕ ਨ ਫੜਕਿਆ, ਬੜੇ ਅਫ਼ਸੋਸ ਦੀ ਬਾਤ ਹੈ ਕਿ ਹੁਨ ਸਾਡੀ ਲੁੱਟ ਮਾਰਦਾ ਖੇਤੀ ਨੂੰ ਬਾੜ ਕਰਨ ਵਾਸਤੇ ਜਮਰੋਦ ਤੇ ਕਿਲਾ ਬਨ ਗਿਆ ਹੈ, ਅਤੇ ਨਿਹਾਇਤ ਸ਼ਰਮਨਾਕ ਮੁਕਾਮ ਏਹ ਹੈ ਕਿ ਬਹੁਤਾ ਇਸਦੀ ਤਿਆਰੀ ਪਠਾਨਾਂ ਦੇ ਸਿਰਾਂ ਤੇ ਹੀ ਮਿਟੀ ਢੁਵਾ ੨ ਕੇ ਕਰਵਾਈ ਗਈ ਹੈ, ਸੋ ਹੁਨ ਲੜੋ ਮਰੋ ਯਾ ਮਾਰੋ, ਅਤੇ ਦੀਨੀ ਤੇ ਦੁਨਿਆਵੀ ਲਾਭ ਉਠਾਵੋ, ਸਾਡੀ ਸ਼ਰਾ ਸ਼ਰੀਫ਼ ਕਹਿੰਦੀ ਹੈ ਕਿ ਗਾਜ਼ੀਆਂ ਨੂੰ

ਬਹਿਸ਼ਤ ਵਿੱਚ ਹੂਰਾਂਤੇ ਸੁੰਦ੍ਰ ਮੁੰਡੇ ਮਿਲਨਗੇ, ਐਸੇ ਜੁਸ਼ੀਲੇ ਤੇ ਭੜਕੀਲੇ ਵਾਇਜ਼ ਅਨਗਿਨਤ ਮੁਲਾਣਿਆਂ ਨੇ ਕੋਹਾਟ, ਬੰਨੂੰ, ਤੀਰਾ, ਸੁਵਾਤ, ਹਿਦੂਕੁਸ਼ ਪਰਬਤ, ਰੂਮ ਤਕ ਦੂਰ ੨ ਜਾਕੇ ਦਿੱਤੇ. ਲਿਖਾ ਹੈ:-

ਕਬਿੱਤ-ਏਧਰ ਆਨੰਦ ਬੜਾ ਖੁਸ਼ੀ ਸਬ ਸਿੰਘ ਆਹੇ ਓਧਰ ਪਠਾਣ ਹੱਥ ਵੱਡ ਵੱਡ ਖਾਂਵਦੇ। ਜੀਵ ਕੇ ਕੀ ਲੈਣਾ ਅੱਗੇ ਛਡਿਆ ਕੀ ਸਾਡੇ ਵਿੱਚ ਮਰ ਜਾਓ ਪਰਾਂ ਇੱਕ ਦੂਜੇ ਨੂੰ ਸੁਣਾਂਵਦੇ ? ਹੋ ਗਿਆ ਮੁਲਕ ਇਕੱਠਾ ਕਾਬੁਲ ਕੰਧਾਰ ਤਕ ਨਿਕੇ ਮੋਟੇ ਸਬ ਏਹੋ ਬਾਤ ਫੁਰਮਾਂਵਦੇ । ਸੀਤਾਰਾਂਮਾ ਕਿਲਾ ਤੋੜ ਸੁੱਟੋ ਜਮਰੋਦ ਵਾਲਾ ਛਾਤੀਆਂ ਨੂੰ ਠੋਕ ਪੈਲਾਂ ਮੋਰ ਵਾਂਗੂ ਪਾਂਵਦੇ. ਓਸੇ ਵੇਲੇ ਕੀਤਾ ਨਾ ਫ਼ਰਕ ਸੀ ਪਠਾਣੀਆਂ ਵੀ ਲੈਕੇ ਹਥਿਆਰ ਚੜ੍ਹ ਪੈਂਦੀਆਂ ਸੀ ਗੱਜਕੇ। ਚੱਕਿਆ ਸੀ ਬੀੜਾ ਉਮਰਦੀਨ ਤੇ ਅਬਾਸ਼ ਖਾਂ ਨੇ ਮਾਰ ਦੇਣੇ ਹਿੰਦੂ ਇਨ ਛੋਡਣੇ ਨ ਅੱਜਕੇ। ਪੁੱਟ ਦੇਣੀ ਜੜ੍ਹ ਹਛੀ ਤਰਾਂ ਅਜ ਖਾਲਸੇ ਦੀ ਹਰੀਸਿੰਘ ਨਲੂਏ ਦਾ ਲਹੂ ਪੀਣਾ ਰੱਜ ਕੇ। ਸੀਤਾ ਰਾਮਾ ਖਾਂਵਦਾ ਕਚੀਚੀਆਂ ਮੁਲਕ ਸਾਰਾ ਬੰਨਕੇ ਇਕੱਠ ਔਂਦਾਬਾਜਾਂ ਵਾਂਗੂ ਭੱਜਕੇ. ਕੱਢਕੇ ਕੁਰਾਨ ਕਾਜ਼ੀ ਦੱਸਦੇ ਬਿਆਨ ਸੋਗੇ ਸੁਣੋ ਮੁਸਲਮਾਨ ਜੋ ਜੋ ਉਮੱਤ ਰਸੂਲ ਦੀ। ਰੱਬ ਦਾ ਹੁਕਮ ਦੇਖੋ ਜਾਏ ਓਹ ਬਹਿਸ਼ਤਾਂ ਨੂੰ ਦੇਊਕੁਰਬਾਨੀ ਜੋੜਾ ਹਿੰਦੂ ਨਾਮਾ ਕੂਲ ਦੀ। ਅੱਸੀਅੱਸੀ ਇਕਨੂੰ ਮਿਲਨ ਹੂਰਾਂ ਜਾਂਦਿਆਂਨੂੰ ਕਰੂ ਬਾਦਸ਼ਾਹੀ ਵੇਲ ਸਦਾ ਰਹੂ ਫੂਲਦੀ। ਸੀਤਾਰਾਮਾਂ ਬਾਂਦਰ ਫੁਲਾਏ ਏਦਾਂ ਚਾੜ੍ਹ ਦਿੱਤੇ ਛੁਟਦੀ ਹਨੇਰੀ ਜਿਕੂੰ ਕੈਹਰ ਨਜ਼ੂਲ ਦੀ.

ਹਾਜ਼ੀ ਖਾਂ ਕਾਕੜ ਜਹਾਦੀ ਦੀ ਪਹਿਲੀ ਲੜਾਈ (੬੧)

ਇਸਦੇ ਨਤੀਜੇ ਤੋਂ ਪਾਠਕ ਆਪ ਅੰਦਾਜ਼ਾ ਲਾ ਲੈਣ ਕਿ ਕਿਸ ਤਰਾਂ ਹਜ਼ਾਰਾਂ ਪਠਾਨ, ਹਰ ਪਾਸਿਓਂ ਪਰੀਆਂ ਦੀ ਉਡੀਕ ਤੇ ਸੁਦ੍ਰ ਮੁੰਡਿਆਂ ਦੀ ਖਾਹਸ਼ ਵਿਚ ਗਾਜ਼ੀ ਬਣਨ ਵਾਸਤੇ ਅਤੇ ਅੱਟੇਗਲਾਂ ਵਿੱਚਪਾਈਢੋਲਵਜਾਕੇਲੜਨਵਾਸਤੇਆਰਹੇਸੀ, ਸਬ ਤੋਂ ਪਹਿਲੇ ਹਾਜ਼ੀ ਕਾਕੜ ਤੇ ਉਸਦਾ ਮਿਤ੍ਰ ਸਆਦਤ ਅਲੀ ਖਾਂ ਦਸ ੨ ਹਜ਼ਾਰ ਗਾਜ਼ੀ ਨਾਲ ਲੈ ਕੇ ਹੂਰਾਂ ਦੀ ਉਡੀਕ ਤੇ ਗਿਲਮਾਨਾਂ ਦੀ ਖਾਹਸ਼ ਵਿਚ ਜਮਰੋਦ ਵੱਲ ਵਧੇ। ਲਿਖਾ ਹੈ:

ਕਬਿਤ--ਸੁਣਿਆਂ ਪਠਾਣਾਂ ਸਿੰਘਾਂ ਖੈਬਰ ਦੇ ਥੰਨੇ ਉੱਤੇ ਥੰਨ ਲਿਆ ਕਿਲ੍ਹਾ ਜ਼ਿਲ੍ਹਾ ਨਾਲ ਅਭਮਾਨ ਦੇ। ਓਸ ਵੇਲੇ ਚੜ੍ਹਿਆ ਸੀ ਗੁੱਸਾ ਕੁਲ ਖਾਂਨ ਤਾਈਂ ਕਹਿਣ ਹਿੰਦੂ ਫੜ ਚੂਪ ਸੁੱਟੇ ਵੰਗੀ ਪਾਨਦੇ। ਲਿਖਲਿਖ ਪਾਤੀਆਂ ਪੁਚੌਣ ਕੁਲਨਗਰਾਂ ਮੈਂ ਮਾਰਨੇ ਕਾਫਰ ਨਾਲ ਹੁਕਮ ਕੁਰਾਨਦੇ। ਸੋਤਾਰਾਮਾਂ ਦੀਨ ਕੀ ਹੈ ਲੋੜ ਜਿਨਾਂ ਮੋਮਨਾਂ ਨੂੰ ਪਹਿਨ ਹਥਿਆਰ ਆਵੇ ਕਿਲੇ ਹਿੰਦਵਾਨ ਦੇ. ਸੁਣੀ ਜਾਂ ਖਬਰ ਕੁਲ ਮੁਲਖ਼ ਇਕੱਠਾ ਹੂਆ ਲੈ ਕੇ ਹਥਿਆਰ ਇਕ ਦੂਜੇ ਨੂੰ ਸੁਨਾਵਿਓ। ਸ਼ੇਰ ਜੋ ਬਲੰਦ ਖਾਨ ਕਹੇ ਤੂਰੇ ਬਾਜ਼ ਖਾਂ ਨੂੰ ਮੁਹੰਮਦ ਮੁਨੀਰ ਅਲੀ ਹੈਦਰ ਬੁਲਾਵਿਓ। ਸ਼ੇਰ ਗੁੱਲਾ, ਬਾਜ਼ ਗੁੱਲਾ, ਮੀਰ ਖਾਂ ਕੁਤਬ ਦੀਨਾ ਦੁੱਲੇ ਖਾਂ ਨੂੰ ਕਹਿਣਾ ਅਬ ਦੇਰ ਨਾ ਲਗਾਵਿਓ। ਸੋਤਾ ਰਾਮਾ ਜ਼ੂਸਫ ਜਬਹੂ ਜੰਗਬਾਜ ਖਾਂਨ ਜਿਥੇ ਹੋਣ ਸੱਦ ਨਾਲ ਆਪਣੇ ਲਿਆਵਿਓ. ਵੱਡੇ੨ਬਲੀ ਤੇ ਕਰੇਂਦੇ ਅਲੀਅਲੀ ਜਾਂਨਾਂ ਰੱਖ ਉੱਤੇ ਤਲੀ ਟੁਰੇ ਕਲਮੇਨੂੰ ਬੋਲਕੇ। ਪੜ੍ਹਕੇਦਰੂਦ ਫੂਕਾਂ ਮਾਰ

ਦੇ ਬਦਨ ਉੱਤੇ ਦਸਦੇ ਮੁਲਾਣੇ ਸੀ ਕੁਰਾਨ ਵਿਚੋਂ ਫੋਲ ਕੇ। ਰੱਬ ਦਾ ਹੁਕਮ ਲਿਖਾਜਾਊ ਓਹ ਬਹਿਸ਼ਤਾਂ ਨੂੰ ਮਾਰੂ ਜੋ ਮੋਮਨ ਇਨ੍ਹਾਂ ਹਿੰਦੂਆਂ ਨੂੰ ਰੋਲਕੇ। ਸੀਤਾਰਾਮਾ ਮੁੱਢੋਂ ਏਹ ਵੈਰੀ ਸਾਡੇ ਦੀਨ ਕੇ ਹੈਂ ਛੱਡਿਓ ਨਾਂ ਅੱਜ ਮਾਰ ਦੇਓ ਟੋਲ ਟੋਲ ਕੇ.

ਏਹਨਾਂ ਦੇ ਇਸ ਭੜਕੀਲੇ ਵਾਇਜ਼ ਤੇ ਜੋਸ਼ ਦੀ ਖਬਰ ਸਰਦਾਰ ਜੀ ਨੂੰ ਵੀ ਪਹੁੰਚੀ, ਸੋ ਹੁਣ ਕਿਲੇ ਦੇ ਬਚਾਓ ਵਾਸਤੇ ਜਮਰੋਦ ਆ ਗਏ, ਦੁਵੱਲੜ ਘਮਸਾਨ ਮਚ ਗਿਆ, ਗਾਜ਼ੀ ਤਾਂ ਮਰਨਮਾਰਨ ਠਾਨ ਹੀ ਚੁਕੇਸਨ, ਬੜਾ ਘੋਰ ਜੁੱਧਹੋਯਾ ਪਠਾਨ ਸਿੰਘਾਂ ਦੀ ਗੋਲੀਆਂ ਦੀ ਬਰਸਦੀ ਅੱਗ ਵਿਚ ਸਿੱਧੇ ਵਧਦੇ ਚਲੇਆਏ, ਸੂਰਮਿਆਂਨੇ ਖੂਬ ਹਥ ਦੱਸੇ, ਪਲੋਪਲੀਵਿੱਚ ਸੈਂਕੜੇ ਲੋਥਾਂ ਦੇ ਢੇਰ ਮੈਦਾਨ ਵਿਚ ਲਗ ਗਏ, ਲਹੂ ਦੇ ਫੁਹਾਰਿਆਂ ਨੇ ਵੱਡੀ ਨਦੀ ਜਾਰੀ ਕਰ ਦਿਤੀ, ਜਿਉਂ ੨ ਗਾਜ਼ੀ ਮਰਦੇ ਜਾਂਦੇ, ਤਿਉਂ ੨ ਨਵੇਂ ਉਨ੍ਹਾਂ ਦੀ ਥਾਂ ਭਰਦੇ ਜਾਂਦੇ ਸੀ, ਪਰ ਸਿੰਘਾਂ ਦਾ ਗੁਰੂ ਬਿਨਾ ਓਥੇ ਕੌਨ ਸਹਾਈ ਸੀ? ਚਾਰ ਘੰਟੇ ਖੂਬ ਤਲਵਾਰ ਚੱਲੀ, ਧਰਤੀ ਨੇ ਵੀ ਲਾਲ ਪੁਸ਼ਾਕ ਬਦਲੀ, ਛੇਕੜ ਸਿੰਘਾਂ ਦੇ ਹਥ ਆਕੜ ਗਏ. ਗਾਜ਼ੀ ਦਮ ਬਦਮ ਨਵੇਂ ਆ ਰਹੇ ਸੀ, ਏਨੇ ਚਿਰ ਨੂੰ ਆਜ਼ਮਖਾਂ ਤੇ ਮੁਹੰਮਦ ਹੈਦਰ ਖਾਂ ਵਰਗੇ ਜਹਾਦੀ ਵੀ ਲੜਾਈ ਵਾਸਤੇ ਮੁਲਖੈਯੇ ਦੇ ਨਾਲ ਆ ਮਿਲੇ. ਲਿਖਾ ਹੈਃ—

ਕਬਿੱਤ—ਆਜ਼ਮ ਹੀ ਖਾਂਨ ਤੇ ਮੁਹੰਮਦ ਹੈਦਰ ਖਾਂਨ ਚੜ੍ਹੇ ਜੁੱਧ ਭੂਮੀ ਚਾਰੇ ਸੂਰਮੇ ਵੰਗਾਰ ਕੇ। ਚਾਰ ਯਾਰ ਜਦੋਂ ਆਏ ਅਫ਼ਗਾਨ ਦਰੇ ਬੀਚ ਮਿਲੇ ਖੈਬਰੀ ਮੁਲਖੈਯਾ ਵੀ ਭੁਜਾ ਨੂੰ ਪਸਾਰਕੇ। ਕਈ ਬੇਸ਼ੁਮਾਰ ਫੌਜ ਤੁਰਕਾਂ ਦੀ ਚਲੀ ਆਈ ਮਾਰ ਦੇਣੇ ਹਿੰਦੂ ਅੱਜ ਜੜ੍ਹਾਂ ਥੋਂ ਉਖਾਰਕੇ । ਕਰਣ ਕਾਰਣ ਭਗਵਾਨਭਾਵੀਹੈ ਬਲਵਾਨ ਸੀਤਾਰਾਮਾਂ ਵਡਿਆਈ ਹੱਥ ਓਸ

ਸੱਚੇ ਕਰਤਾਰਕੇ । ਕਰਦੇ ਚੜ੍ਹਾਈ ਜਮਰੋਦ ਕਿਲਾ ਤੋੜਨੇ ਦੀ ਛਾਤੀਆਂ ਨੂੰ ਠੋਕ ਘਨਘੋਰ ਸੀ ਮਚਾਈ ਹੈ । ਬੰਨਕੇ ਪਰੇਟ ਕਿਲਾ ਘੇਰਦੇ ਚੁਫੇਰਿਓਂ ਜਾ ਝੱਟ ਪਟ ਤੋਪ ਤੇ ਬੰਦੂਕ ਸੀ ਚਲਾਈ ਹੈ। ਵਰ੍ਹਦਾ ਸੀ ਗੋਲਾ ਯਾਰੋ ਸੌਂਣ ਦੇ ਬੱਦਲ ਵਾਂਗੂ ਅਗਨੀ ਬਗੈਰ ਔਰ ਦਿਸਦਾ ਨਾ ਕਾਈ ਹੈ। ਅਲੀ ਅਲੀ ਦੀ ਪੁਕਾਰ ਅਕਾਲ ਅਕਾਲ ਦਾ ਉਚਾਰ ਦੇਖ ਏਸ ਜੰਗ ਭੀਮ ਕਰਨ ਲੁਕ ਜਾਈ ਹੈ.

ਹੁਣ ਸਿੰਘਾਂ ਦੇ ਦਲ ਦਾ ਪੈਰ ਪਿਛਾਹਾਂ ਵਲ ਹਟਨ ਲੱਗਾ ਏਹ ਦੇਖਕੇ ਸਰਦਾਰ ਹਰੀ ਸਿੰਘ ਜੀ ਜੋ ਦੂਜੇ ਪਾਸੇ ਲੜ ਰਹੇ ਸੀ, ਏਧਰ ਆਏ ਅਤੇ ਕੜਾਕੇਦਾਰ ਆਵਾਜ਼ ਨਾਲ ਖਾਲਸਈ ਦਲ ਨੂੰ ਪਿਛਲੀ ਮਰਦਾਨਗੀ ਸੁਝਾਕੇ ਥੰਮਿਆ ਤੇ ਇਸ ਤਰਾਂ ਕਿਹਾ "ਅਖਵਾਓ ਖੰਡੇ ਦੇ ਅੰਮ੍ਰਿਤਧਾਰੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀਦੇ ਸਿੰਘ ਤੇ ਭੱਜੋ ਇਸ ਤਰਾ ਪਿੱਠ ਦੇ ਕੇ! ਏਹ ਓਹੋ ਗਾਜ਼ੀ ਹਨ ਜੋ ਕਈ ਵਾਰੀ ਤੁਸਾਂ ਮਾਰ੨ਕੇ ਭਜਾਏ ਹੋਏਹਨ!" ਇਸ ਹੌਸਲੇ ਨਾਲ ਫੌਜ ਫੇਰ ਸੰਭਲੀ ਤੇ ਇਸ ਪਾਸੇ ਸਰਦਾਰ ਜੀ ਨੇ ਆਪ ਤਲਵਾਰ ਸੂਤੀ ਹੋਈ ਅਗਵਾਈ ਕੀਤੀ ਜੋ ਅੱਗੇ ਆਯਾ ਸੋ ਮਾਰ ਮੁਕਾਯਾ,ਪਠਾਨਾਂ ਵਿਚ ਅਖੀਰ ਦੀ ਤੇ ਹਰੀਆ ਰਾਗਲੇਦੇ ੨ (ਹਰੀ ਸਿੰਘ ਆ ਗਿਆ) ਦਾ ਸ਼ੋਰ ਮਚ ਗਿਆ.

ਸਰਦਾਰ ਜੀ ਦੇ ਇਸ ਹੌਸਲੇ ਤੇ ਪਠਾਨਾਂ ਦੇ ਦਲਨੂੰ ਚੀਰ ਕੇ ਬੇ ਖੌਫ ਅਗੇ ਵਧਨ ਨੇ ਗਾਜ਼ੀਆਂ ਦੇ ਵਧੇ ਹੋਏ ਹੌਸਲੇ ਦੂਰ ਕਰ ਦਿਤੇ, ਅਤੇ ਗਾਜ਼ੀ ਪਿੜ ਛਡਨ ਲਗ ਗਏ.

ਵਿਚਾਰੇ ਥੱਕੇ ਟੁੱਟੇ ਸਿੰਘਾਂ ਵਿਚ ਪਿੱਛਾ ਕਰਨ ਦੀ ਤਾਂ ਹਿੰਮਤ ਸੀ ਹੀ ਨਹੀਂ, ਇਤਨੀ ਫਤਹ ਹੀ ਕਾਫ਼ੀ ਸੀ, ਇਸ ਭਿਆਨਕ ਲੜਾਈ ਵਿੱਚ ਪੰਜ ਹਜ਼ਾਰ ਦੇ ਕਰੀਬ ਗਾਜ਼ੀ

ਜੂਝੇ ਤੇ ਸਿੰਘ ਵੀ ਚੰਗੇ ੨ ਸ਼ਹੀਦ ਹੋਏ.

ਹਾਜੀਖਾਂ ਕਾਕੜ ਜਹਾਦੀ ਦੀ ਦੂਸਰੀ ਲੜਾਈ.(੬੨)

ਤਅਸਬੀ ਹਾਜੀਖਾਂ ਨੂੰ ਏਹ ਚੰਗੀ ਹਾਰ ਆਈ ਸੀ ਪਰ ਜਿਉਂ ੨ ਜਹਾਦੀ ਮਸਲਾ ਮਸ਼ਹੂਰ ਹੁੰਦਾ ਗਿਆ, ਤਿਉਂ ੨ ਉਸਦੀ ਫੌਜ ਹੋਰ ਵੱਧਦੀ ਗਈ, ਭਾਂਵੇ ਇਸ ਵੇਲੇ ਫੌਜ ਤਾਂ ਇਸਦੀ ਬਹੁਤ ਇਕੱਠੀ ਹੋ ਗਈ ਸੀ, ਪਰ ਅਜੇ ਇਸਦਾ ਸਾਮਣੇ ਨਿਤਰਨ ਜੋਗਾ ਹੌਸਲਾ ਨਹੀਂ ਸੀ ਪੈਂਦਾ । ਸੋ ਇਸ ਕਾਇਰ ਪਠਾਨ ਨੇ ਸਿੰਘਾ ਨੂੰ ਅਵੇਸਲੇ ਕਰਨ ਦੀ ਹੋਰ ਚਾਲ ਖੇਡੀ ਤੇ ਮਸ਼ਹੂਰ ਕਰ ਦਿੱਤਾ ਕਿ ਜਦ ਤਕ ਕਾਬਲੀ ਫੌਜ ਨ ਆਵੇਗੀ ਲੜਾਈ ਨਹੀਂ ਕੀਤੀ ਜਾਵੇਗੀ, ਕਈ ਸੂਧੇ ਸਿੰਘ ਇਸ ਬਾਤਨੂੰ ਸਚੀ ਮੰਨਕੇ ਕੁਛ ਪਿਕਟਾਂ ਘਟ ਕਰਦੇ ਗਏ, ਭਾਂਵੇ ਸਰਦਾਰ ਹਰੀਸਿੰਘ ਜੀ ਨੇ ਏਨ੍ਹਾਂ ਗਾਜੀਆਂ ਦੇ ਹਥ ਕੰਡੇ ਫੌਜ ਨੂੰ ਚੰਗੀ ਤਰਾਂ ਸਮਝਾ ਦਿੱਤੇ ਸੀ, ਪਰ ਫੇਰ ਵੀ ਪਹਿਲੀ ਫਤਹ ਨੇ ਕੁਛ ਅਵੇਸਲੇ ਕਰ ਹੀ ਦਿੱਤਾ, ਤੇ ਜਾਣਨ ਲਗੇ ਹਾਜੀਖਾਂ ਨੇ ਕੀ ਲੜਨਾ ਹੈ ? ਓਸਨੇ ਤਾਂ ਬੜੀ ਭਾਰੀ ਹਾਰ ਖਾਕੇ ਪਿੜ ਛਡਿਆ ਸੀ.

ਇਸ ਭੁੱਲ ਨੇ ਦੁਖ ਦਾਇਕ ਫਲ ਆਂਦਾ, ਹਾਜੀ ਖਾਂ ਉਤੋਂ ਤਾਂ ਪਹਾੜਾਂ ਵਿੱਚ ਲੁਪਸੀ, ਪਰ ਅਸਲ ਵਿੱਚ ਆਪਣੀ ਪੂਰੀ ਤਿਆਰੀ ਕਰਦਾ ਤੇ ਫ਼ੌਜ ਨੂੰ ਆਰਾਮ ਦੇ ਰਿਹਾ ਸੀ, ਸੋ ਇੱਕ ਦਿਨ ਅੱਧੀਰਾਤੀ ਖਾਲਸਈ ਦਲ ਤੇ ਉਸਨੇ ਚੁਪ ਕੀਤੇ ਛਾਪਾ ਆ ਮਾਰਿਆ ਅਤੇ ਸਿੰਘਾਂ ਦਾ ਬਹੁਤ ਜਾਨ ਕੀਤਾ. ਇੱਕਰਾਤ ਹਨੇਰੀ, ਪਾਲੇ ਕੱਕਰ ਦੀ ਰੁੱਤ, ਦੂਸਰਾ ਅਚਾਨਕ ਛਾਪਾ, ਦੁਸ਼

ਮਨ ਦਾ ਦੇਸ, ਗਾਜ਼ੀ ਅਨਗਿਨਤ ਸੇ ਤੇ ਸਿੰਘ ਥੋੜੇਸੇ, ਕੁਛ ਨ ਆਹੁੜੀ, ਸੋ ਦੋਵੇਂ ਦੱਲ ਲੜਦੇ ਭਿੜਦੇ ਪਿਸ਼ਾਵਰ ਆ ਪਹੁੰਚੇ ਸਰਦਾਰ ਜੀ ਇਸ ਭੁੱਲ ਦਾ ਫਲ ਏਨ੍ਹਾਂ ਨੂੰ ਚਖਦਿਆਂ ਦੇਖਕੇ ਬੜੇ ਕ੍ਰੋਧਿਤ ਹੋਏ, ਪਰ ਸਮਾ ਬਿਚਾਰਕੇ ਕਿਸੇ ਨੂੰ ਸਜ਼ਾ ਨ ਦਿੱਤੀ.

ਹਾਜੀਖਾਂ ਕਾਕੜ ਜਹਾਦੀ ਦੀ ਤੀਸਰੀ ਲੜਾਈ. (੬੨)

ਸਰਦਾਰ ਜੀ ਨੇ ਰਾਤੋ ਰਾਤ ਫੌਜ ਨੂੰ ਜਮਰੋਦ ਵੱਲ ਕੂਚ ਕਰਨ ਦਾ ਹੁਕਮ ਦੇ ਦਿੱਤਾ ਤੇ ੪ ਚੇਤਰ ੧੮੯੪ਬਿ: ਨੂੰ ਸੂਰਜ ਚੜ੍ਹਨ ਤੋਂ ਪਹਿਲੇ ਹੀ ਆਪ ਵੀ ਓਥੇ ਪਹੁੰਚ ਗਏ.

ਦੁਸ਼ਮਨ ਵੀ ਹੁਨ ਖਿੜਿਆ ਪੁੰਡਿਆਸੀ, ਸੋ ਹੁਨ ਗਾਜ਼ੀ ਤਾਜ਼ਾਦਮ ਹੋਕੇ ਹੋਰ ਦਲੇਰੀ ਨਾਲ ਆਏ, ਦੁਵਲੜ ਗੋਲੀਆਂ ਦਾ ਮੀਂਹ ਅਜੇਹੇ ਜ਼ੋਰ ਨਾਲ ਪੈਂਦਾ ਸੀ ਜੋ ਸਾਵਣ ਭਾਦ੍ਰੋਂ ਦੀ ਬਰਸਾਤ ਨੂੰ ਵੀ ਮਾਤ ਕਰਦਾ ਦਿਸਦਾ, ਧੂੰਏ ਨੇ ਆਸਮਾਨ ਨੂੰ ਪੁਲਾੜ ਦੇ ਬੱਦਲ ਦਾ ਉਛਾੜ ਚੜ੍ਹਾ ਦਿੱਤਾ.

ਸਿੰਘ ਆਪਨੀ ਰਾਤ ਦੀ ਹਾਰ ਦਾ ਵੱਟਾ ਦੇਨ ਵਾਸਤੇ ਵਧਦੇ ਤੇ ਗਾਜ਼ੀ ਦੋਹਰੀ ਫਤਹ ਵਾਸਤੇ ਮਰਦੇ ਸੀ। ਬਹਾਦਰਾਂ ਨੇ ਖੂਬ ਦਿਲ ਖੋਲ੍ਹਕੇ ਲੜਾਈ ਕੀਤੀ, ਲੋਥ ਤੇ ਲੋਥ ਚੜਗਈ ਲਹੂ ਦੀ ਨਦੀ ਨੇ ਹੜ ਵਗਾ ਦਿੱਤਾ, ਜ਼ਖਮੀ ਪਾਨੀ ੨ ਤੇ ਸੀ ਸੀ ਦੀ ਪੁਕਾਰ ਕਰ ਰਹੇ ਸੀ, ਪਰ ਪਾਣੀ ਯਾਂ ਦਰਦੀ ਚੁੱਕਨ ਵਾਲੇ ਕਿਥੇ? ਛੇਕੜ ਦਸ ਘੰਟੇਦੀ ਸਿਰ ਤੋੜ ਲੜਾਈ ਪਿਛੋਂ ਗਾਜ਼ੀਆਂ ਦਾ ਪੈਰ ਪਿਛੇ ਹਟਿਆ। ਹਾਜ਼ੀ ਖਾਂ ਤੇ ਮੁਲਵਾਨਿਆਂ ਨੇ ਬਥੇਰਾ ਸ਼ੋਰ ਸ਼ਰਾਬਾ ਪਾਕੇ ਰੋਕਿਆ ਪਰ ਕੁਛ ਪੇਸ਼ ਨ ਚਲੀ। ਤਲਵਾਰ ਦੀ ਮਾਰਦੇ ਸਾਮਣੇ ਕੌਨ ਠਹਿਰੇ? ਅੰਤ ਨੂੰ

ਗਾਜ਼ੀ ਭੱਜ ਉੱਠੇ, ਸਿੰਘਾਂ ਨੇ ਵੀ ਰਾਤ ਦਾ ਵੱਟਾ ਦੂਣ ਸਵਾਯਾ ਲਾਯਾ, ਤੇ ਪਿਛਾ ਕਰਕੇ ਕਈ ਘਾਜ਼ੀ ਮਾਰੇ। ਇਸ ਲੜਾਈ ਵਿੱਚ ਅਨਗਿਨਤ ਘਾਜ਼ੀ ਪਠਾਨ ਮੋਏ ਤੇ ਸਿੰਘਾਂ ਦਾ ਵੀ ਬਹੁਤ ਨੁਕਸਾਨ ਹੋਯਾ। ਏਹ ਲੜਾਈ ਬੜੀ ਖੂੰਖਾਰਸੀ। ਲਿਖਾ ਹੈ:—

ਕਬਿੱਤ—ਖੰਡਾ ਜਦ ਖਾਲਸੇ ਖੜਕਾਯਾ ਮਦਾਂਨ ਵਿੱਚ ਕਢ ਦਿੰਦਾ ਚੰਡ ਫੰਡ ਮਾਰਕੇ ਬੰਦੂਕਾਂ ਦੀ। ਓਸ ਵੇਲੇ ਜੁੱਧ ਜਾਂਦੀ ਵਾਰ ਸੀ ਕੀਆ ਐਸਾ ਲਾਹਿ ਸੁਟੇ ਘਾਂਣ ਵਾਜ ਆਂਵਦੀ ਸੀ ਕੂਕਾਂ ਦੀ। ਕੋਠੇ ਕੋਠੇ ਜਿਡੇ ਢੇਰ ਲਗ ਜਾਂਦੇ ਮੁਰਦਿਆਂ ਦੇ ਪਿਆ ਤੜਫਾਟ ਸੀਸ ਕੱਟੇ ਵਾਂਗੂ ਭੂਕਾਂ ਦੀ। ਸੀਤਾਰਾਮਾਂ ਆ ਗਿਆ ਭੁਚਾਲ ਉਤੇ ਪ੍ਰਿਥਵੀ ਦੇ ਮੇਘ ਵਾਂਗੂ ਗੱਜ ਪਏ ਗੋਲੀਆਂ ਦੀ ਸੂਕਾਂ ਦੀ. ਗਏ ਸੀ ਪਠਾਂਣ ਜੇੜੇ ਭੱਜਕੇ ਲੜਾਈ ਵਿਚੋਂ ਚੜ ਜਾਂਦੇ ਤਾਪ ਢਹਿੰਦੇ ਮੰਜੀ ਉਤੇ ਆਇਕੇ। ਘੜੀ ਘੜੀ ਪਿਛੋਂ ਉਠ ਪੈਂਦੇ ਸੀ ਬਰੜਾਏ ਕਰ ਦੇਖੀਂ ਸਰਦਾਰਜਾਂਨ ਕੱਢੀਂ ਨ ਦਬਾਏਕੇ। ਪੁਛਦੇ ਸੀ ਲੋਕ ਹਾਲਚਾਲਓਨਾਂਬੰਦਿਆਂ ਥੋਂ ਆ ਗਿਆ ਕੀ ਲੋੜ੍ਹਾ ਦਸੋ ਬਾਤ ਸਮਝਾਏ ਕੇ ? ਸੀਤਾ ਰਾਮਾਂ ਕਿਡਾਕੁ ਜਵਾਨ ਹਰੀਸਿੰਘ ਜਿਨ ਮਾਰਕੇ ਮੁਲਕ ਦਿੱਤਾ ਮਿਟੀ ਨਾ ਮਿਲਾਏ ਕੇ ? ਮਾਰਦੇ ਓਹ ਹਾਹੁਕੇ ਤੋਬਾ ਤੋਬ ਕਰ ਬੀਸ ਵਾਰ ਕੈਂਦੇ ਯਾਰੋ ਪੁਛੋ ਨਾ ਕੀ ਦਸੇਂ ਵਰਤਾਰੇ ਜੀ। ਜਦੋਂ ਹਰੀਸਿੰਘ ਆਣ ਗੱਜਦਾ ਬੱਦਲ ਵਾਂਗੂ ਬਦੋ ਬਦੀ ਥੌਲ ਛੁੱਟ ਭਿੱਜਦੇਗਰਾਰੇਜੀ। ਮਧੁਰਾਕੇ ਮੋਟਾ ਹਮ ਦੇਖਿਆਸਰੂਪਨਹੀਂ ਹੋਂਵਦਾ ਮਲੂੰਮ ਜਾਂ ਭਬਕੁ ਆਂਣ ਮਾਰੇ ਜੀ। ਸੀਤਾਰਾਂਮਾ ਖੰਡਾ ਓਦਾ ਦੇਖਿਆ ਚਲਦਾ ਹਮ ਮੁਰਦੋਂ ਕੇ ਦੇਖੇ ਹਮ ਲੱਗੇ ਜਾਂ ਅੰਬਾਰੇ ਜੀ। ਹਰੀ ਸਿੰਘ ਦੰਡ• ਦਿੰਦਾ ਹੋਇਕੇ ਪ੍ਰਚੰਡ ਸੁਟੇ ਧੋਬੀ ਵਾਂਗੂ ਫੰਡ ਪਰ ਮਾਰੇ ਨਹਿ ਕਮੀਨ ਨੂੰ। ਸੈਯਦ ਮੁਲਾਣੇ

ਭੁੰਨ ਦੇਂਦਾ ਵਾਂਗੂ ਦਾਣੇ ਕਹਿੰਦਾ ਕਰਦੇ ਖਰਾਬ ਜਿੰਨਾਂ ਏਹੀ ਮੁਸਲਮੀਨ ਨੂੰ। ਤੋੜ ਦੇਂਦਾ ਵੂਜੂ ਸ਼ਰਾ ਲੁਕਦੀ ਪਹਾੜਾਂ ਵਿਚ ਮਸਲੇ ਨਿਮਾਜ਼ ਰੋਜ਼ੇ ਉਠ ਨੱਠੇ ਚੀਨ ਨੂੰ। ਸੋਤਾ ਰਾਮਾਂ ਬਾਂਗ ਵੰਡੀ ਰੌਲੀਆਂ ਦੀ ਭੁੱਲ ਜਾਂਦੀ ਹਥ ਜੋੜੇ ਕਲਮਾਂ ਨ ਮਾਰੀ ਮਸਕੀਨ ਨੂੰ.

ਹਾਏ ਸ਼ੋਕ! ਗਾਜ਼ੀ ਤਾਂ ਹੋਰ ਨਵੇਂ ਆਂਵਦੇ ਜਾਂਦੇ ਪਰ ਏਧਰ ਸਿੰਘਾਂ ਦੀ ਕੁਮਕ ਨੂੰ ਫੌਜ ਨ ਭੇਜੀ ਗਈ, ਬਥੇਰੇ ਸੁਵਾਰ ਲਾਹੌਰ ਭੇਜੇ ਪਰ ਕੁਛ ਨਹੀਂ, ਸਬ ਅਫ਼ਸੋਸ! ਪਾਠਕ ਅੱਗੇ ਜਾ ਕੇ ਪੜ੍ਹਨਗੇ ਕਿ ਏਹ ਰਾਜੇ ਧਿਆਨਸਿੰਘ ਜਮਾਦਾਰ ਮਿਸ਼ਰ ਖੁਸ਼ਾਲ ਸਿੰਘ, ਮਿਸ਼ਰ ਲਾਲਸਿੰਘ, ਮਿਸ਼ਰ ਜੱਲੇ ਆਦਿਕ ਨੇ ਕਿਉਂ ਹੋਰ ਫੌਜ ਨ ਭੇਜਨ ਦਿਤੀ ਤੇ ਕੀ ਚਾਲਾ ਖੇਡਿਆ? ਤੇ ਆਪਣੀ ਸ੍ਵਾਰਥੀ ਕੌਮਘਾਤੀ ਚਾਲਾਂ ਦੇ ਪਿਛੇ ਚਲ ਕੇ ਸਿੰਘਾਂ ਦਾ ਸਬ ਕੁਛ ਬਰਬਾਦ ਕਰ ਦਿਤਾ ਤੇ ਦੇਸ਼ ਤੇ ਰਾਜ਼ ਘਾਤੀ ਬਣੇ.

ਜਮਰੋਦ ਦੇ ਕਿਲੇ ਦਾ ਘੇਰਾ (੬੩)

ਇਸ ਹਠੀਲੇ ਹਾਜ਼ੀ ਖਾਂ ਕਾਕੜ ਦੇ ਫ਼ਸਾਦ, ਗਾਜ਼ੀਆਂ ਦੇ ਇਕੱਠ, ਦੇਸ਼ ਦੀ ਬਗ਼ਾਵਤ, ਤੇ ਬੇ ਅਮਨੀ, ਅਮੀਰ ਦੋਸਤ ਮੁਹੰਮਦ ਖਾਂ ਦੀ ਫੌਜ ਦੀ ਲੜਾਈ ਦੀਆਂ ਰਪੋਟ ਰੋਜ਼ ਦੋ ਤਿੰਨ ਵਾਰ ਸੁਵਾਰਾਂ ਹਥ ਲਾਹੌਰ ਭੇਜੀਆਂ ਜਾਂਦੀਆਂ, ਪਰ ਉਥੇ ਥਿੰਦੇ ਘੜੇ ਤੇ ਪਾਣੀ ਸੀ, ਕੁਛ ਅਸਰ ਨ ਹੁੰਦਾ, ਜਿਉਂ ੨ ਕੁਮਕੀ ਫੌਜ ਦੇ ਆਵਨ ਵਿਚ ਢਿੱਲ ਪੈਂਦੀ ਤਿਉਂ ੨ ਮੁਲਖਈਆ ਬਾਗ਼ੀ ਹੁੰਦਾ ਜਾਂਦਾ, ਦਿਖਾਵੇ ਦੇ ਮਿੱਤਰ, ਕਈ ਫਸਲੀ ਬਟੇਰਿਆਂ ਵਾਂਗੂ ਹਰੀ ਚੁਗੂ ਸਜਨ, ਧਰਮੋਂ ਅਗਜਾਤ ਯਾਰ, ਖੁਲਮਖੁਲੇ ਬਾਗ਼ੀਆਂ ਨਾਲ ਰਲ ਗਏ.

ਏਹ ਵੇਲਾ ਹੁਣ ਸੋਨੇ ਨੂੰ ਘਸਵਟੀ ਤੇ ਪਰਖਨ ਦਾ ਸੀ, ਪਰ ਉਸ ਅਦੁਤੀ ਧੀਰਜ ਦੇ ਪੁਤਲੇ ਸਰਦਾਰ ਹਰੀ ਸਿੰਘ ਜੀ ਨੇ ਆਪਣਾ ਸੱਚਾ ਹਠ ਨਿਬਾਹਿਆ ਤੇ ਧੀਰਜ ਰੱਖੀ, ਪਰ ਸੋਚਦੇ ਸੀ ਕਿ ਕੀ ਕਾਰਣ ਹੈ? ਕਿ ਮਹਾਰਾਜ ਜੈਸੇ ਤਜਰਬੇਕਾਰ ਸਿਆਣੇ ਹਾਕਮ ਨੇ ਐਸੇ ਔਖੇ ਵੇਲੇ ਵੀ ਅਜੇ ਤਕ ਫੌਜ ਦੀ ਜਲਦੀ ਸਹਾਇਤਾ ਨ ਭੇਜੀ, ਜਦ ਕਿ ਪਹਿਲੇ ਹਰ ਇਕ ਝਗੜੇ ਫਸਾਦ ਵਿਚ ਤਾਂ ਫੌਜ ਦੀ ਲੜੀ ਬੰਨ ਦੇਂਦੇ ਸਨ.

ਕਈ ਇਤਹਾਸਕਾਰਾਂ ਤੇ ਬੁੱਢੇ ੨ ਮਰਦਾਂ ਨੇ ਜਿਨ੍ਹਾਂ ਏਹ ਲੜਾਈ ਦੇਖੀ ਸੀ ਕਿਹਾਹੈ, ਕਿ ਜਾਨ ਬੁਝਕੇ ਲਾਹੌਰੀ ਅਮੀਰਾਂ ਨੇ ਜੋ ਸਰਦਾਰ ਹਰੀ ਸਿੰਘ ਜੀ ਦੀ ਨਿਤ ਦੀ ਚੜ੍ਹਦੀ ਕਲਾ ਦੇਖਕੇ ਈਰਖਾ ਦੇ ਭੱਠ ਵਿਚ ਭੁਜਦੇ ਸੀ. ਏਹ ਸਾਰੀਆਂ ਰਪੋਟਾਂ ਮਹਾਰਾਜ ਤਕ ਨ ਹੋਣ ਦਿਤੀਆ, ਏਨ੍ਹਾਂ ਵਿਚੋਂ ਸਭ ਤੋਂ ਵੱਡਾ ਜੱਥੇਦਾਰ ਰਾਜਾ ਧਿਆਨ ਸਿੰਘ ਤੇ ਜਮਾਂਦਾਰ ਖੁਸ਼ਾਲ ਸਿੰਘ ਰਾਜਾ ਤੇਜਾਸਿੰਘ ਆਦਿਕ ਸੇ ਜੋ ਸਾਡੇ ਦੇਸ ਤੇ ਪੰਥ ਦੀ ਅਧੋ-ਗਤੀ ਦੇ ਬੀਜ ਤੇ ਬ੍ਰਾਹਮਣ ਬੰਸ ਦੇ ਕੁਲਦੀਪਕ ਸੇ!

ਕਈ ਦਿਲ ਚਲੇ ਸੁਵਾਰਾਂ ਨੇ ਖੁਦ ਮਹਾਰਾਜ ਤਕ ਰਪੋਟ ਵੀ ਪੁਚਾਈ, ਪਰ ਏਨ੍ਹਾਂ ਮਿਸ਼ਰਾਂ ਦੀ ਅਪੁੱਠੀ ਨਜ਼ਰ ਨੇ ਕੁਛ ਹੋਰ ਦਾ ਹੋਰ ਹੀ ਨਜ਼ਾਰਾ ਦਸਿਆ, ਅਤੇ ਮਹਾਰਾਜ ਨੂੰ ਕੌਰ ਨੌਨਿਹਾਲਸਿੰਘਜੀਦੇ ਬਿਆਹ ਦੇ ਨਾਚ ਰੰਗ ਵਿਚ ਉਲਝਾਈ ਰਖਿਆ, ਤਾਂ ਕਿ ਇਸ ਪਾਸੇ ਦੀ ਉੱਘ ਸੁੱਘ ਹੀ ਨ ਲੈਣ.

ਭਾਵੇਂ ਕੁਛ ਹੋਵੇ ਏਹ ਕਹਿਣਾ ਪੈਂਦਾ ਹੈ, ਕਿ ਸਰਦਾਰ ਹਰੀਸਿੰਘ ਜੀ ਸ਼ਹੀਦ ਤੇ ਪਿਸ਼ਾਵਰ ਵਿਚ ਜੋ ਬਿਪਤਾ ਪਈ ਤੇ ਖਾਲਸਾ ਪੰਥ ਦਾ ਇਕ ਹੋਨਹਾਰ ਅਮੋਲਕ ਲਾਲ (ਜਿਸਦਾ ਬ੍ਰਾਹਮਣ ਵਜ਼ੀਰ ਨੂੰ ਸਦਾ ਸੱਲ ਸੀ) ਮਧਜਮ ਹੋ ਗਿਆ ਤੇ

ਖਾਲਸਾ ਦਲ ਨੇ ਬੇਅੰਤ ਜਾਨਾਂ ਦੇ ਕੇ ਨੁਕਸਾਨ ਉਠਾਯਾ, ਓਹ ਸਬ ਲਾਹੌਰੀ ਦਰਬਾਰੀਆਂ ਦਾ ਜਾਨ ਬੁੱਝਕੇ ਬੁਰੀ ਨੀਅਤ ਦਾ ਫਲ ਸੀ, ਜੇ ਕਦੀ ਸਰਦਾਰ ਹਰੀ ਸਿੰਘ ਵੀ ਉਸ ਵੇਲੇ ਆਪਣੀ ਜਾਨ ਦੇਸ ਦੇ ਭਲੇ ਵਾਸਤੇ ਨ ਵਾਰਦਾ, ਤਾਂ ਹੋਰ ਤਾਂ ਜੋ ਦੁਖਪੈਂਦੇ ਓਹ ਨਫੇ ਵਿੱਚ, ਪਰ ਅਟਕੋਂਪਾਰ ਕੋਈ ਸ਼ਿਵਾਲਾ ਮੰਦ੍ਰ, ਯਾ ਹਿੰਦੂ ਨ ਦਿਸਦੇ! ਪਾਠਕ ਕਹਿਨਗੇ ਕਿ ਕੀ ਪੈਹਲੇ ਮਹਮਦ, ਤੈਮੂਰ ਆਦਿਕਾਂ ਨੇ ਨਹੀਂ ਸੀ ਹੱਲੇ ਕੀਤੇ ? ਤਦ ਤਾਂ ਹਿੰਦੂਆਂ ਦਾ ਨਾਮੋਨਿਸ਼ਾਨ ਏਧਰੋਂ ਨ ਮਿਟਿਆ ਤੇ ਹੁਣ ਕੀ ਅਨੋਖੀ ਬਾਤ ਸੀ ?.

ਪਿਆਰੇ ਪਾਠਕ ਜੀ ਸੁਣੀਏ, ਤਦ ਜਹਾਦੀ ਮਸਲਾ ਛਿੜਿਆ ਹੋਇਆ ਨਹੀਂ ਸੀ, ਏਹ ਸਾਡਾ ਦੇਸ ਵੀ ਮੁਸਲਮਾਨ ਨਹੀਂ ਸੀ, ਤੀਸਰਾ ਓਨ੍ਹਾਂ ਜਰਵਾਨਿਆਂ ਪਠਾਨਾਂ ਦਾ ਰਾਜ ਵੀ ਖਯ ਹੋਯਾ ੨ ਨਹੀਂ ਸੀ, ਚੌਥਾ ਓਹ ਦੇਸ ਦੇ ਜਾਣੂ ਵੀ ਨਹੀਂ ਸੀ! ਹੁਣ ਜਹਾਦੀ ਮਸਲਾ ਹਰ ਇਕ ਮੁਸਲਮਾਨ ਮਰਦ ਤੀਵੀਂ ਦੇ ਮਨ ਵਿੱਚ ਠਾਠਾਂ ਮਾਰਦਾ ਸੀ, ਸਾਡਾ ਬਹੁਤ ਸਾਰਾ ਦੇਸ ਤੇ ਮੁਲਖਈਆ ਮੁਸਲਮਾਨ ਹੋ ਚੁਕਾ ਸੀ, ਤੇ ਦੀਨ ਇਸਲਾਮ ਦੀ ਮੱਦਦ ਵਾਸਤੇ ਸਿਰ ਦੇਣ ਤਕ ਤਿਆਰ ਸੀ! ਤੀਸਰਾ ਸੱਲ ਓਨ੍ਹਾਂ ਪਠਾਨਾਂ ਨੂੰ ਰਾਜ ਖੋਹ ਕੇ ਬਾਹਰ ਕੱਢ ਦਿਤਾ ਸੀ, ਚੌਥਾ ਜਮਰੋਦ ਜੈਸੀ ਕਰੜੀ ਤੇ ਔਖੀ ਜਗ੍ਹਾ ਤੇ ਪਠਾਨਾਂ ਦੀ ਲੁਟ ਮਾਰ ਦਾ ਰਸਤਾ ਰੋਕਨ ਵਾਸਤੇ ਕਿਲਾ ਬਣਾ ਦਿਤਾ ਤੇ ਸਿੰਘ ਸੂਰਮਿਆਂ ਦੀ ਫੌਜ ਡੇਰੇ ਲਾਈ ਬੈਠੀ ਸੀ !!!

ਕੀ ਕੋਈ ਭਲਾ ਪੁਰਸ਼ ਏਨਾਂ ਦੇਸ਼ੋਪਕਾਰੀ ਸਿੰਘਾਂ ਦੀ ਸ਼ੁਕ੍ਰਗੁਜਾਰੀ ਤੋਂ ਇਨਕਾਰ ਕਰ ਸਕਦਾ ਹੈ ? ਤੇ ਜੋ ਕਰੇ ਤਾਂ ਉਸਦੀ ਹਠ ਧਰਮੀ ਨਹੀ ਤਾਂ ਹੋਰ ਕੀ ਹੈ ? ਅਗੇ ਵੀ ਤਾਂ

ਭਾਰਥਭੂਮੀ ਤੇ ਚੱਕ੍ਰਵਰਤੀਸੂਰਮੇ ਰਾਜਪੂਤ ਤੇ ਛਤ੍ਰੀਰਾਜੇ ਸੇ ਜੋ ਉੱਤੇ ਲਿਖੇ ਵਾਧਿਆਂ ਦੇ ਹੁੰਦਿਆਂ ਸੰਦਿਆਂ ਵੀ ਏਨ੍ਹਾਂ ਕਾਬਲੀ ਜਰਵਾਨਿਆਂ ਤੋਂ ਹਾਰ ਖਾ ਗਏ, ਤੇ ਇਸ ਦੇਸ ਦੇ ਮਰਦ ਇਸਤ੍ਰੀਆਂ ਦੋ ੨ ਰੁਪੱਯੇ ਤੋਂ ਗਜ਼ਨੀ ਵਿੱਚ ਜਾਕੇ ਬਿਕੇ ਸੀ! ਕੀ ਐਸੀ ਅਨੀਤ ਦੇ ਬਚਾਨ ਵਾਸਤੇਆਪਨੀਜਾਨਾਂਦੀਕੁਝਪਰਵਾਹ ਨ ਕਰਨ ਵਾਲੇ ਪਵਿੱਤ੍ਰ ਆਤਮਾਂ ਹਠੀਲੇ ਸਿੰਘ ਘਟ ਸਨਮਾਨ ਦੇ ਜੋਗ ਹਨ ? ਹਿੰਦੂਆਂ ਦੇ ਵਿੱਚ ਅਨੇਕਾਂ ਬਹਾਦਰ ਦਸੇ ਜਾਂਦੇ ਹਨ ਪਰ੍ ਕੋਈ ਐਸਾ ਬਹਾਦਰ ਵੀ ਹੋਯਾ ਹੈ ? ਕਿ ਜਿਸਨੇ ਪਠਾਨਾਂ ਜੈਸੇ ਰਾਕਸ਼ਾਂ ਨੂੰ ਮਾਰ ੨ ਕੇ ਸਿੱਧਾ ਕਰ ਦਿੱਤਾ ਹੋਵੇ, ਤੇ ਓਨ੍ਹਾਂ ਦੇ ਸਿਰਾਂ ਤੇ ਹੀ ਮਿੱਟੀ ਢੁਵਾ ੨ ਕੇ ਓਨ੍ਹਾਂਦੇ ਹੀ ਲੁਟ ਮਾਰ ਦੇ ਰਸਤੇ ਵਿੱਚ ਰੋਕ ਪਾਈ ਹੋਵੇ (ਕਿਲਾ ਜਮਰੋਦ) ਤੇ ਇਸ ਨਿਮਾਨੀ ਭਾਰਥਸੰਤਾਨ ਨੂੰ ਸੁਖ ਦੇ ਦਿਨ ਦਸੇ ਹੋਨ? ਓਹ ਕੇਵਲ ਖਾਲਸਾ ਕੌਮ ਹੀ ਹੈ, ਅਕਾਲ ਪੁਰਖ ਕ੍ਰਿਪਾ ਕਰੇ ਕਿ ਏਨ੍ਹਾਂ ਵਿੱਚ ਕੀਤੇ ਨੂੰ ਜਾਣਨ ਦਾ ਮਾਦਾ ਪੈਦਾ ਹੋਵੇ, ਤੇ ਐਸੇ ਪ੍ਰੋਪਕਾਰੀ ਖਾਲਸਾ ਜੀ ਦੇ ਰਸਤਿਆਂ ਵਿੱਚ ਕੰਡੇ ਨ ਬੀਜਨ.

ਅਮੀਰ ਕਾਬਲ ਦੇ ਬਲੀ ਦਲ ਦਾ ਅਉਣਾ. (੬੬)

੬ ਚੇਤ੍ਰ ਨੂੰ ਘੋਰ ਲੜਾਈਦੇ ਪਿੱਛੋਂ ਹਾਜੀਖਾਂ ਦਾ ਫਸਤਾ ਨਬੇੜਕੇ ਸਰਦਾਰਹਰੀਸਿੰਘਜੀਪਸ਼ਾਵਰਆਗਏ, ਤੇਇਤਫਾਕਨ ਕੁਛ ਬੀਮਾਰ ਵੀ ਹੋਗਏ, ਅਜੇ ਏਨ੍ਹਾਂ ਨੂੰ ਓਥੇ ਆਏ, ਦਸ ਦਿਨ ਵੀ ਨਹੀਂ ਸੀ ਹੋਏ ਜੋ ਅਮੀਰ ਕ੍ਾਬਲ ਦੇ ਬਲੀ ਦਲ ਨੇ ਜਿਸ ਨਾਲ ਅਨਗਿਨਤ ਗਾਜ਼ੀ ਵੀ ਸਨ ਤੇ ਨੌ ਹਜ਼ਾਰ ਸਵਾਰ ਬੀਸ ਹਜ਼ਾਰ ਪੈਦਲਤੇ ਇਕੀ ਤੋਪਾਂ ਲੈਕੇ ਜਮਰੋਦ ਤੋਂ ਦਸ ਕੋਹ ਪਰਾਂ

ਅਲੀ ਮਸਜਦ ਤੇ ਆ ਡੇਰੇ ਲਾਏ. ਇਸ ਬੜੇ ਜਬਰਜੰਗ ਦਲ ਦੇ ਜਥੇਦਾਰ ਸਰਦਾਰ ਮੁਹੰਮਦ ਅਫਜ਼ਲਖਾਂ ਤੇ ਸਰਦਾਰ ਮੁਹੰਮਦ ਅਕਬਰਖਾਂ ਅਮੀਰ ਦੋਸਤਮੁਹੰਮਦਖਾਂਦੇਵਡੇਪੁਤ੍ਰਸਨ.

ਜਮਰੋਦ ਦੀ ਲੜਾਈ ਬਾਬਤ ਸਰ ਲੈਪਿਲ਼ ਗ੍ਰਿਫਨ ਸਾਹਿਬ ਲਿਖਦੇ ਹਨ:—

"Amir sent 7000 Foot 2000 Horse 18 Guns from Jalalabad with Mahomed Akbar Khan and three brothers, 20000 tribesmen joined at Jamrud in April garrisoned *by 800 Sikhs unprovisioned*. Hari Singh was sick at Peshawar, seige went *merrily for six days* one wall was broken, then Hari Singh arrived with 1000 Foot 1000 regular and 3000 irregular cavalry."

(ਤਰਜਮਾ) ਅਮੀਰ ਦੋਸਤਮੁਹੰਮਦਖਾਂ ਨੇ ਸਤਹਜ਼ਾਰ ਆਈਨੀ ਪੈਦਲ, ਦੋ ਹਜ਼ਾਰ ਸਵਾਰ ਤੇ ਅਠਾਰਾਂ ਤੋਪਾਂ ਦੇ ਕੇ ਆਪਣੇ ਪੁਤ੍ਰ ਮੁਹੰਮਦ ਅਕਬਰ ਖਾਂ ਤੇ ਦੂਸਰਿਆਂ ਤਿੰਨਾਂ ਨੂੰ ਜਲਾਲਾਬਾਦ ਤੋਂ ਭੇਜਿਆ, ਅਪਰੈਲ ੧੮੩੭ ਵਿਚ ਜਮਰੋਦ ਪਹੁੰਚਨ ਤਕ ਬੀਸ ਹਜ਼ਾਰ ਮੁਲਖੇਯਾ ਤੇ ਗਾਜ਼ੀ ਏਸ ਕੀੜੀ ਦਲ ਸੈਨਾਂ ਨਾਲ ਹੋਰ ਆ ਮਿਲੇ, ਅਤੇ ਸਭਨਾਂ ਨੇ ਉਸ ਕਿਲੇ ਨੂੰ ਘੇਰਾ ਪਾ ਦਿੱਤਾ ਕਿ ਜਿਸ ਵਿਚ ਸਿਰਫ ਅੱਠ ਸੌ ਸਿੰਘ ਸੀ ਤੇ ਜਿਨ੍ਹਾਂ ਪਾਸ ਰਸਦ ਆਦਿਕ ਦਾ ਖੁਰਾਕੀ ਸਾਮਾਨ ਵੀ ਨਹੀਂ ਸੀ!

ਸਰਦਾਰ ਹਰੀ ਸਿੰਘ ਜੋ ਪਿਸ਼ਾਵਰ ਬੀਮਾਰ ਸੇ, ਏਸ ਘੇਰੇ ਹੋਏ ਸਿੰਘਾਂ ਦੇ ਛੋਟੇ ਜਿਹੇ ਦਸਤੇ ਨੇ ਵੀ ਛੇ ਦਿਨ ਤਕ ਪਠਾਨਾਂ ਨੂੰ ਚੰਗੇ ਹਥ ਦੱਸੇ, ਅੰਤ ਨੂੰ ਕਿਲੇ ਦੀ ਕੰਧ ਟੁਟ ਗਈ, ਇਸ ਦੀ ਰਪੋਟ ਪਹੁੰਚਨ ਤੇ ਸਰਦਾਰ ਹਰੀ ਸਿੰਘ ਜੀ (ਬੀਮਾਰੀ ਦੀ ਹਾਲਤ ਵਿਚ ਹੀ) ਇਕ ਹਜ਼ਾਰ ਪੈਦਲ ਇਕ ਹਜ਼ਾਰ ਆਈਨੀ ਸਵਾਰ ਤੇ ਤਿੰਨ ਹਜ਼ਾਰ ਦੂਸਰੇ ਘੁੜ ਚੜ੍ਹੇ ਲੈ ਕੇ ਜਮਰੋਦ ਆ

ਗਏ (ਹੋਰ ਫੌਜ ਲਾਹੌਰੋਂ ਨਹੀਂ ਆਈ ਸੀ).

ਪਾਠਕ ਇਸ ਨਿਰਭੈਯਤਾ ਤੇ ਦਲੇਰੀ ਤੋਂ ਖੁਦ ਅੰਦਾਜ਼ਾ ਲਾ ਲੈਣ ਕਿ ਸਰਦਾਰ ਹਰੀ ਸਿੰਘ ਕੈਸਾ ਧੀਰਜੀ ਤੇ ਬੇ ਖੌਫ ਸੂਰਮਾ ਸੀ।

ਇਕ ਮੁਅਰੱਖ ਲਿਖਦਾ ਹੈ ਕਿ—

"Kohistan beyond the hills, regions of Hindukush remote fastnesses of Turkistan Moslem joined Dost Mahomed."

(ਤਰਜਮਾ) ਦੋਸਤ ਮੁਹੰਮਦਖਾਂ ਦੇ ਮੁਲਾਣਿਆਂਦੇਜਹਾਦੀ ਵਾਇਜ਼ ਨੂੰ ਸੁਨ ੨ ਕੇ ਕੋਹਸਤਾਨ ਤੇ ਉਸਤੋਂ ਪਰੇ, ਕੁਲ ਪਹਾੜ ਦੇ ਇਲਾਕੇ ਹਿੰਦੂਕੁਸ਼ ਪਰਬਤ ਤੋਂ ਲੈਕੇ ਤੁਰਕਿਸਤਾਨ ਤਕ ਸਭ ਪਗਬੰਨ ਮੁਸਲਮਾਨ, ਗਿਲਜ਼ਈ, ਕੋਹਸਤਾਨੀ ਕਜ਼ਲਬਾਸ਼, ਉਸਬੇਗ, ਯੂਸਫਜ਼ਈ, ਖਟਕ ਆਦਿਕ ਗਾਜ਼ੀ ਬਣਾਨ ਵਾਸਤੇਅਮੀਰਦੋਸਤਮੁਹੰਮਦਖਾਂ ਕਾਬਲੀਏਨੂੰਆਮਿਲੇ.

ਜਨਰਲ ਹਾਰਲਨ ਸਾਹਿਬ ਲਿਖਦੇ ਹਨ ਕਿ ਹਰ ਇਕ ਪਗ ਬੰਨ ਪਠਾਨ ਜੋ ਕੁਛ ਵੀ ਕੰਮ ਕਰ ਸਕਦਾ ਸੀ ਪੰਜਾਬੀ ਕਾਫਰਾਂ ਦੇ ਮਾਰਨ ਵਾਸਤੇ ਆ ਗਿਆ.

ਤਿੰਨ ਦਿਨ ਤਕ ਦੋਹਾਂ ਦਲਾਂ ਵਿਚੋਂ ਕੋਈ ਨ ਵਧਿਆ, ਚੌਥੇ ਦਿਨ ਚਾਲੀ ਪਠਾਨ ਸਵਾਰ ਪਿਛਲੀ ਰਾਤੀ ਕੁਛ ਪਤਾ ਕਰਨ ਲਈਅਗੇ ਆਏ ਅਤੇ ਕੁਝਸਿੰਘਾਂਤੇ ਜੋਉਸ ਵਕਤ ਬੇਹਥਿਆਰ ਸੁਚੇਤ ਪਾਣੀ ਹੋਨ ਬਾਹਰ ਗਏ ਸੀ ਝਪਟੇ, ਤੇ ਕੁਝ ਨੁਕਸਾਨ ਵੀ ਕੀਤਾ, ਪਰ ਅਚਨਚੇਤ ਉਸਵੇਲੇ ਇਕ ਸਿੰਘਾਂ ਦਾ ਚਲਦਾ ਵਹੀਰ ਓਥੇ ਆ ਗਿਆ ਤੇ ਪਠਾਨ ਸੁਵਾਰਾਂ ਨੂੰ ਲਲਕਾਰਿਆ ਕਿ ਬੇ ਹਥਿਆਰਿਆਂ ਨਾਲ ਹਥਿਆਰਬੰਦ ਸਵਾਰ ਹੋਕੇ ਲੜਦ

ਹੋ, ਆਓ ਏਧਰ ਭੀ ਆਨੰਦ ਵੇਖੋ! ਪਰ ਹੁਨ ਓਹ ਪਠਾਨ ਕਿਥੇਰਹੇ ਪਿੱਸੂ ਹੋ ਗਏ ਤੇ ਘੋੜੇ ਦੁੜਾਕੇ ਪਿਛੇ ਭਜਗਏ, ਵਹੀਰੀ ਜੱਥੇ ਨੇ ਵੀ ਪਿੱਛਾ ਕਰਕੇ ਅਠ ਦਸ ਘੋੜੇ ਖੋਹ ਲਏ ਤੇ ਅਲੀ ਮਸਜਦ ਤਕ ਓਨ੍ਹਾਂ ਨੂੰ ਪੁਚਾ ਕੇ ਹੀ ਛਡਿਆ.

ਪਠਾਨ ਘਰੋਂ ਤਾਂ ਗਾਨੇ ਬੰਨਕੇ ਗਾਜ਼ੀ ਬਣਨ ਵਾਸਤੇ ਆ ਗਏ ਸੀ, ਪਰ ਸਿੰਘਾਂ ਦੀ ਤਲਵਾਰ ਦੇਖ ਚੁਕੇ ਹੋਏ ਸੀ, ਇਸ ਵਾਸਤੇ ਅਗੇ ਵਧਨੋਂ ਡਰਦੇ ਤੇ ਮੁਖਬਰ ਸੂਹੇ ਭੇਜ੨ ਕੇ ਖਬਰਾਂ ਕਢਦੇ ਸੀ, ਇਸ ਤਰਾਂ ਜਦ ਕਈ ਦਿਨ ਬੀਤਗਏ ਤੇ ਸੂਹਿਆਂ ਤੋਂ ਵੀ ਪੱਕੀ ਤਰਾਂ ਪਤਾ ਲਗ ਗਿਆ ਕਿ ਸਰਦਾਰ ਹਰੀਸਿੰਘ ਆਪ ਇਸ ਵਕਤ ਪਿਸ਼ਾਵਰ ਬੀਮਾਰ ਹੈ, ਤੇ ਲਾਹੌਰੋਂ ਫੌਜ ਦੇ ਆਵਨ ਦੀ ਕੁਝ ਅਵਾਈ ਨਹੀਂ ਤਾਂ ੧੨ ਬੈਸਾਖ ੧੮੯੪ ਬਿ: ਨੂੰ ਓਨ੍ਹਾਂ ਅਨਗਿਨਤ ਗਾਜ਼ੀਆਂ ਪਠਾਨਾਂ ਨੇ ਜਮਰੋਦ ਦੇ ਕਿਲੇ ਨੂੰ ਆਕੇ ਘੇਰਾ ਪਾ ਦਿੱਤਾ। ਕਿਲੇ ਵਿੱਚ ਰਸਤ ਦੀ ਤਾਂ ਕੁਛ ਏਨੀ ਕਮੀ ਨਹੀਂ ਸੀ, ਪਰ ਏਨੇ ਜੁਵਾਨਾਂ ਵਾਸਤੇ ਪਾਣੀ ਦੀ ਸਖਤ ਤਕਲੀਫ਼ ਸੀ. ਬੇਸ਼ੁਮਾਰ ਪਠਾਨਾਂ ਨੇ ਇਸ ਕੱਚੇ ਕਿਲੇ ਨੂੰ ਘੇਰਾ ਪਾਯਾ ਹੋਯਾ ਸੀ, ਤੇ ਏਹ ਵਿਚਾਰੇ ਥੋੜੇ ਜਿੱਨੇ ਸਿੰਘ ਦੇਸ ਤੋਂ ਕੁਰਬਾਨ ਹੋਂਨ ਵਾਸਤੇ ਓਥੇ ਨਿਰਭੈ ਵਿਚਰਦੇ ਸਨ.

ਸਰਦਾਰ ਮਹਾਂਸਿੰਘਨੇ ਵੀ ਫੌਜ ਦਾ ਚੰਗਾ ਹੌਂਸਲਾ ਵਧਾਈ ਰਖਿਆ ਤੇ ਤੋਪਾਂ ਨਾਲ ਗਾਜ਼ੀਆਂ ਨੂੰ ਸਾੜਦੇ ਰਹੇ, ਪਠਾਨਾਂ ਨੇ ਵੀ ਕਈ ਵਾਰੀ ਕਿਲੇ ਦੀ ਕੰਧ ਪਾਸ ਆਕੇ ਸੁਰੰਗ ਉੜਾਉਨੀ ਚਾਹੀ, ਪਰ ਹੁਸ਼ਿਆਰ ਸਿੰਘਾਂ ਨੇ ਮਾਰ੨ ਕੇ ਪਿਛੇ ਹਟਾ ਦਿੱਤੇ, ਤੇ ਚੰਗੀ ਤਰਹ ਦੰਦ ਖੱਟੇ ਕਰਦੇ ਰਹੇ.

ਕਿਲੇ ਜਮ੍ਰੋਦ ਦੀ ਕੰਧ ਫਿਸਨੀ ਤੇ ਸਿੰਘਾਂ ਦਾ ਪਠਾਨਾਂ ਦੇ ਜੁਸ਼ੀਲੇ ਬਲੀ ਦਲ ਨੂੰ ਅੰਦਰ ਨ ਵੜਨ ਦੇਨਾ. (੬੭)

ਛੇਕੜ ਸਤਵੇਂ ਦਿਨ ਕਿਲੇ ਦੀ ਲਹਿੰਦੀ ਬਾਂਹੀ ਤੋਪ ਦੇ ਗੋਲਿਆਂ ਨੇ ਢਾਹ ਦਿੱਤੀ, ਸਰਦਾਰ ਮੁਹੰਮਦ ਅਕਬਰ ਖਾਂ ਨੇ ਆਪਨੀ ਅਨਗਿਨਤ ਸੈਨਾ ਤੇ ਗਾਜ਼ੀਆਂ ਨਾਲ ਕਿਲੇ ਵਿੱਚ ਧੱਸਨ ਲਈ ਸਿਰੋਂਪਰੇ ਯਤਨ ਕੀਤਾ, ਬਥੇਰਾ ਫ਼ੌਜ ਨੂੰ ਲਲਕਾਰਿਆ, ਰੋਯਾ, ਸਿਰ ਪਟਕਿਆ, ਪਰ ਸ਼ਾਬਾਸ਼ ਹੈ ! ਓਨ੍ਹਾਂ ਥੋੜੇ ਜੇਹੇ ਬਹਾਦਰ ਸਿੰਘਾਂ ਦੇ ਜੋ ਤੋਪਾਂ ਦੇ ਗੋਲਿਆਂ ਦੇ ਸਾਮਣੇ ਸ਼ਹੀਦ ਹੋਣ ਵਾਸਤੇ ਸੜਦੇ, ਤੇ ਦੇਸ਼ ਤੋਂ ਜਾਨ ਵਾਰਦੇ ਸੀ, ਤੇ ਓਸ ਅਥਾਹ ਫ਼ੌਜ ਦਾ ਮੁਕਾਬਲਾ ਕਰਦੇ ਤੇ ਓਨ੍ਹਾਂ ਦੇ ਮੂੰਹ ਭੰਨਦੇ ਤੇ ਸ੍ਰੀ ਗੁਰੂ ਗੋਬਿੰਦਸਿੰਘ ਜੀ ਦੇ ਅਮ੍ਰਿਤ ਦੀ ਸੱਚੀ ਸ਼ਕਤੀ ਦਾ ਸਬੂਤ ਦੇਂਦੇ ਸਨ !

ਛੇਕੜ ਸੂਰਜ ਡੁਬ ਗਿਆ ਰਾਤ ਹਨੇਰੀ ਛਾ ਗਈ, ਪਰ ਇਨ੍ਹਾਂ ਸਚਮੁਚ ਦਿਆਂ ਜੀਉਂਦੇ ਸ਼ਹੀਦਾਂ ਨੇ ਪਠਾਨਾਂ ਨੂੰ ਕਿਲੇ ਵਿੱਚ ਨਾਹੀ ਵੜਨ ਦਿੱਤਾ, ਸਿੰਘਾਂ ਦਾ ਐਸਾ ਹਠ ਦੇਖਕੇ ਪਠਾਨਾਂ ਨੇ ਵੀ ਸਾਹ ਲਿਆ, ਤੇ ਦੂਸਰੇ ਦਿਨ ਕਿਲੇ ਦੇ ਅੰਦਰ ਜਾਣਦੀ ਠਹਿਰਾਈ, ਪਠਾਨਾਂ ਦੇ ਜੂਝੇ ਹੋਏ ਮੁਰਦਿਆਂ ਤੇ ਜ਼ਖਮੀਆਂ ਨੂੰ ਵੀ ਇਸ ਸ਼ੇਰ ਦਲ ਨੇ ਓਨ੍ਹਾਂ ਨੂੰ ਨਾਹੀ ਚੁੱਕਨ ਦਿੱਤਾ.

ਪਠਾਨ ਅਮੀਰਾਂਦੀ ਫੌਜਨੂੰ ਧ੍ਰਿਕਾਰ.(੬੮)

ਰਾਤ ਨੂੰ ਸਰਦਾਰ ਮੁਹੰਮਦ ਅਕਬਰ ਖਾਂ ਤੇ ਮੁਹੰਮਦ

ਅਫਜ਼ਲ ਖਾਂ ਆਪਨੀ ਫੌਜ ਨੂੰ ਜਹਾਦ ਦੀਆਂ ਕਸਮਾਂ ਦੇਂਦੇ ਤੇ ਲੜਾਈ ਵਿੱਚ ਸਿਰੋਂ ਪਰੇ ਜੂਝਨ ਵਾਸਤੇ ਪ੍ਰੇਰਦੇ ਸੀ, ਤੇ ਕਹਿੰਦੇ ਸੀ ਕਿ ਅੱਛਾ ਅੱਜ ਜੋ ਹੋਯਾ ਸੋ ਹੋਯਾ ਸੁਵੇਰੇ ਸੂਰਜ ਉਗਨ ਤੋਂ ਪਹਿਲਾਂ ਕਿਲਾ ਮਾਰ ਲੌ, ਅੱਜ ਕੈਸਾ ਚੰਗਾ ਮੌਕਾ ਤੁਸਾਂ ਹੱਥੋਂ ਗੁਵਾ ਦਿੱਤਾ, ਐਸਾ ਫੇਰ ਮਿਲਨਾ ਮੁਸ਼ਕਲ ਹੈ!

ਸਭਨਾਂ ਪਠਾਨਾਂ ਨੇ ਦਿਲੋਂ ਜਾਨ ਹੋਕੇ ਕਸਮਾਂ ਖਾਧੀਆਂ ਤੇ ਕੁਰਾਨ ਤੇ ਹੱਥ ਧਰਿਆ ਤੇ ਦੁਵਾ ਮੰਗ ਕੇ ਪਿਕਟਾਂ ਖੜੀਆਂ ਕਰਕੇ ਸੌਂ ਗਏ.

ਸ੍ਰੀਮਤੀ ਹਰਸਰਨ ਕੌਰ ਦੀ ਬਹਾਦ੍ਰੀ ਤੇ ਜਮਰੋਦ ਤੋਂ ਪਿਸ਼ਾਵਰ ਤਕ ਪੈਗ਼ਾਮਬਰੀ. (੬੯)

ਏਧਰ ਸਿੰਘਾਂ ਨੇ ਵੀ ਸਬ ਹਾਲ ਦੀ ਵਿੱਥਯਾ ਸਰਦਾਰ ਹਰੀਸਿੰਘਜੀ ਨੂੰ ਪਿਸ਼ਾਵਰ ਭੇਜਨ ਵਾਸਤੇ ਲਿਖੀ. ਕਿਲੇ ਦੀ ਕੰਧ ਟੁਟਨ ਦਾ ਹਾਲ ਤੇ ਅਨਗਿਨਤ ਗਾਜ਼ੀਆਂ ਦੀ ਚੜ੍ਹਾਈ ਲਿਖੀ ਤੇ ਬੇਨਤੀ ਕੀਤੀ ਕਿ ਜੇ ਕੱਲ ਹੋਰ ਫੌਜ ਨ ਆਈ ਤਾਂ ਕਿਲੇ ਵਾਲੇ ਸਬ ਸਿੰਘ ਲੜਾਈ ਕਰਕੇ ਜੂਝ ਜਾਣਗੇ.

ਇਸ ਵਕਤ ਜਦ ਸਰਦਾਰ ਮਹਾਂਸਿੰਘ ਇਸ ਸੋਚ ਵਿੱਚ ਹੀ ਸੀ, ਕਿ ਐਸੇ ਔਖੇ ਵੇਲੇ ਜਦ ਮੁਖਬਰ ਸੂੰਹੇ ਪਲ ੨ ਦੀ ਖਬਰ ਰਖਦੇ ਹਨ, ਕੇੜ੍ਹਾ ਸਿੰਘ ਸੂਰਮਾਂ ਨਿਤ੍ਰੇ ਜੋ ਇਸ ਖਬਰਨੂੰ ਸਰਦਾਰ ਹਰੀਸਿੰਘਜੀ ਪਾਸ ਪਿਸ਼ਾਵਰ ਪੁਚਾਵੇ ? ਤਾਂ ਇਕ ਸੰਤ ਸਿੰਘ ਨਾਮੇਂ ਸਿੰਘ ਨੇ ਇਸ ਸੇਵਾ ਵਾਸਤੇ ਪ੍ਰਾਰਥਨਾ ਕੀਤੀ, ਪਰ

ਭਰਾਵਾਂ ਦੀ ਸਿਦਕਣ ਭੈਣ, ਤੇ ਬਹਾਦਰ ਭੈਣ ਹਰਸਰਨ ਕੌਰ ਜਿਸਨੂੰ ਸਰਦਾਰਜੀਨੇ ਮਿਚਨੀ ਦੇ ਖਾਨ ਦੇ ਅਤਿਆਚਾਰ ਤੋਂ ਬਚਾਕੇ ਅੰਮ੍ਰਿਤ ਛਕਾਯਾ ਸੀ, ਹਥ ਜੋੜਕੇ ਬੇਨਤੀ ਕਰਨ ਲਗੀ ਕਿ ਹੇ ਪਿਆਰੇ ਭਰਾਵੋ! ਦੇਸ਼ ਤੇ ਦੁੱਖਾਂ ਤੋਂ ਜਾਨ ਵਾਰਣ ਵਾਲਿਓ! ਇਸ ਮੇਰੇ ਪਿਆਰੇ ਵੀਰ ਨੂੰ ਨ ਭੇਜੋ! ਤੁਹਾਨੂੰ ਇਕ ੨ ਸਿੰਘ ਦੀ ਲੋੜ ਹੈ! ਇਸ ਕੰਮ ਨੂੰ ਮੈਂ ਪੂਰਾ ਕਰਾਂਗੀ, ਮੈਥੋਂ ਹੋਰ ਦੁੱਖ ਜੋ ਆਪ ਇਸ ਨਿਕਾਰੇ ਕ੍ਰਿਤਘੱਨ ਭਾਰਥ ਵਰਸ਼ ਦੇ ਭਲੇ ਕਰਨ ਵਿੱਚ ਉਠਾਉਂਦੇ ਹੋ ਨਹੀਂ ਵੇਖੇ ਜਾਂਦੇ, ਮੇਰਾ ਮਨ ਉਮਗਦਾ ਹੈ ਜੋ ਮੈਂ ਵੀ ਆਪਣੀਆਂ ਭੈਣਾਂ ਦੀ ਸਿਦਕੀ ਭੈਣ ਹੋਵਾਂ, ਤੇ ਸਦਾ ਵਾਸਤੇ ਏਨ੍ਹਾਂ ਦੀ ਸੰਗਣ ਬਣਾਂ, ਤੁਸੀਂ ਏਹ ਸੇਵਾ ਮੈਨੂੰ ਬਖਸ਼ੋ.

ਪਿਆਰੇ ਪਾਠਕੋ! ਜ਼ਰਾ ਮਨ ਵਿੱਚ ਕੰਘੀ ਮਾਰੋ ਕਿ ਐਸੇ ਔਖੇ ਸੰਕਟ ਸਮੇਂ ਕੇਹੜਾ ਬਹਾਦਰ ਇਸਤੋਂ ਵਧੀਕ ਆਪਨੀ ਜਾਨ ਹੋਲ ਸਕਦਾ ਹੈ, ਪਹਿਰ ਰਾਤ ਲੰਘ ਗਈ, ਕਾਲੀਬੋਲੀ ਰਾਤ, ਦੁਸ਼ਮਨ ਦਾ ਘੇਰਾ, ਮੁਖਬਰ ਤੇ ਸੂਹੇ ਹਰ ਪਾਸੇ ਤਾਕਵਿੱਚ, ਨੌ ਕੋਹ ਦਾ ਨਿਰਜਨ ਫਾਸਲਾ, ਦੁਸ਼ਮਨ ਦਾ ਦੇਸ਼, ਇਸ ਸਿਦਕੀ ਸਿੰਘਨੀ ਨੇ ਆਪਨੇ ਕਿਸੇ ਭਾਈ ਨੂੰ ਓਥੋਂ ਨ ਘਟਾਨਾ ਚਾਹਿਆ ਅਤੇ ਭਰੇ ਦੀਵਾਨ ਵਿੱਚ ਉਸਨੇ ਬਹੁਤ ਬੇਨਤੀ ਕੀਤੀ ਕਿ ਮੈਨੂੰ ਹੀ ਏਹ ਸੇਵਾ ਬਖਸ਼ੋ, ਅੰਤ ਨੂੰ ਅਰਦਾਸਾ ਸੋਧਕੇ ਤਿਆਰੀ ਕੀਤੀ, ਤੁਰਨ ਵੇਲੇ ਇਸਨੇ ਭੇਸ ਬਦਲ ਲਿਆ ਤੇ ਕਿਹਾ ਕਿ ਜੇ ਮੈਂ ਸੁਖ ਨਾਲ ਪਿਸ਼ਾਵਰ ਪਹੁੰਚ ਗਈ ਤਾਂ ਓਥੋਂ ਇਕ ਤੋਪ ਦਾ ਫੈਰ ਤੁਹਾਡੀ ਖ਼ਬਰ ਵਾਸਤੇ ਕਰਵਾ ਦੇਵਾਂਗੀ, ਤੇ ਜੇ ਸਾਰੀ ਰਾਤ ਵਿੱਚ ਓਧਰੋਂ ਤੋਪ ਦੀ ਆਵਾਜ਼ ਨ ਆਈ ਤਾਂ ਮੈਥੋਂ ਪ੍ਰਿਥਵੀ ਦਾ ਭਾਰ ਹੌਲਾ ਹੋਯਾ ਸਮਝ ਲੈਣਾਂ.

—:o:—

ਭੇਸ ਵਟਾਕੇ ਸ੍ਰੀ ਮਤੀ ਹਰਸਰਨ ਕੋਰ ਜੀ ਦਾ ਕਿਲੇ ਵਿੱਚੋਂ ਨਿਕਲਨਾ ਤੇ ਪਿਸ਼ਾਵਰ ਪਹੁੰਚਨਾ. (੭੦)

ਇਸ ਨਿਰਭੈ ਸ਼ੇਰਨੀ ਨੇ ਆਪਨੇ ਉੱਤੇ ਇਕ ਕਾਲਾ ਝੁੱਲ ਪਾ ਲਿਆ, ਤੇ ਉਸਦੇ ਉੱਤੇ ਇਕ ਵਡੇ ਬਕਰੇਦੀ ਖਲ ਚੜ੍ਹਾਈ ਤੇ ਕੁੱਤੇ ਦੇ ਭੇਸ ਵਿੱਚ ਇਸ ਦੁਖਦਾਇਕ ਰਪੋਟ ਨੂੰ ਲੈਕੇ ਕਿਲੇ ਵਿੱਚੋਂ ਇਕ ਅਨੋਖੀ ਹਿਕਮਤ ਨਾਲ ਨਿਕਲੀ.

ਸੂਹਿਆਂ ਨੇ ਵੀ ਤਾੜਿਆ ਪਰ ਏਹ ਸਿੰਘਨੀ ਵੀ ਇਕ ਅਜੀਬ ਫੁਰਤੀ ਦੀ ਪੁਤਲੀ ਸੀ, ਨਿਕਲਦੀ ਹੀ ਨੇ ਓਸੇ ਤੂੰ ਦੀ ਚਾਲ ਫੜੀ, ਪਹਿਲੇ ਤਾਂ ਕਈ ਫੇਰੇ ਇਰਦ ਗਿਰਦ ਕੁੱਤੇ ਵਾਂਗੂ ਸੁੰਘਨ ਵਿਚ ਲਾਏ, ਤੇ ਜਦੋਂ ਸੂਹਿਆਂ ਦੀ ਨਜ਼ਰ ਅਵੇਸਲੀ ਦੇਖੀ ਤਾਂ ਦਾ ਬਚਾ ਝਟ ਪਟ ਅੱਖੀਆਂ ਤੋਂ ਓਹਲੇ ਹੋ ਗਈ, ਵਿਚਾਰੀ ਆਂਵਦੀ ੨ ਨੂੰ ਰਸਤੇ ਵਿਚ ਪਠਾਨੀ ਸਵਾਰਾਂ ਦੇ ਜੱਥੇ ਦਾ ਸਾਹਮਣਾ ਵੀ ਪਿਆ, ਤੇ ਜ਼ਖਮੀਂ ਵੀ ਹੋਈ ਪਰ ਏਹ ਸਿਦਕ ਦੀ ਪੱਕੀ ਤੇ ਪ੍ਰਣ ਦੀ ਪੂਰੀ, ਓਹਨਾਂ ਨਾਲ ਲੜਦੀ ਭਿੜਦੀ ਮਾਰਦੀ ਬਚਦੀ ਆਪਣੀ ਮੰਜ਼ਲ ਤੇ ਪਹੁੰਚ ਹੋ ਗਈ, ਅਜੇ ਪਿਛਲੀ ਰਾਤ ਵੀ ਨਹੀਂ ਸੀ ਹੋਈ ਜੋ ਪਿਸ਼ਾਵਰ ਵਲੋਂ ਤੋਪ ਦੀ ਆਵਾਜ਼ ਆਈ ਜਿਸਨੂੰ ਸੁਣਕੇ ਕਿਲੇ ਵਾਲਿਆਂ ਨੇ ਅਕਾਲਪੁਰਖ ਦਾ ਸ਼ੁਕਰ ਕੀਤਾ ਤੇ ਰਾਤ ਸੁਖ ਦੀ ਕੱਟੀ.

ਸਰਦਾਰ ਹਰੀ ਸਿੰਘ ਜੀ ਦੀ ਤਿਆਰੀ. (੭੧)

ਹਰ ਪਾਸਿਓਂ ਜੰਗੀ ਜਹਾਦ ਦੇ ਵਾਇਜ਼ ਦੇ ਪ੍ਰੇਰੇ ਹੋਏ ਪਠਾਨ ਗਾਨੇ ਬੰਨ੍ਹੀ ਅੱਟੇ ਪਾਈ ਮਰਨ ਮਾਰਨ ਤੇ ਤਿਆਰ

ਕਾਫਰਾਂ ਦੀ ਤਲਾਸ਼ ਦੀ ਕੂਕ ਕਰਦੇ ਆ ਰਹੇ ਸੀ, ਤੇ ਇਸ ਕਾਬਲੀ ਦਲ ਨਾਲ ਬਿਨਮੁਲੇ ਸਿੰਘਾਂ ਦੇ ਲਹੂ ਦੇ ਪਿਆਸੇ ਜੁੜ ਰਹੇ ਸਨ, ਤੇ ਕਹਿ ਰਹੇ ਸਨ ਕਿ ਕਾਫਰਾਂ ਦਾ ਬੀਜ ਅਟਕੋਂ ਇੱਧਰ ਨਹੀਂ ਰਹਿਣ ਦੇਣਾ.

ਸਰਦਾਰ ਹਰੀਸਿੰਘ ਜੀ ਤਪ (High Fever) ਨਾਲ ਪਸ਼ਾਵਰ ਬੀਮਾਰ ਹਨ, ਸਰਦਾਰ ਮਹਾਂ ਸਿੰਘ ਜਮਰੋਦ ਵਿਚ ਪਾਣੀਦੇ ਘਾਟੇ ਤੇ ਕਿਲੇ ਦੀ ਕੰਧਟੁਟਨ ਤੇ ਗਿਨਤੀ ਦੇ ਸਿੰਘਾਂ ਨਾਲ ਦੇਸ ਦੀ ਲੁਟ ਮਾਰ ਦੀ ਰੋਕ ਤੇ ਸੁਖ ਵਾਸਤੇ ਸ਼ਹੀਦੀ ਖਰੀਦਨ ਦੀ ਉਡੀਕ ਵਿਚ ਹੈ, ਕਈ ਫਸਲੀ ਮਿਤ੍ਰ ਅਪਨੇ ਆਨੰਦ ਵਿਚ ਮਗਨ ਹਨ, ਲਾਹੌਰ ਦਰਬਾਰ ਨੇ ਇਕੋ ਚੁਪ ਫੜ ਛੱਡੀਹੈ, ਫੌਜ ਭੇਜਨੀ ਤਾਂ ਕਿਧਰੇ ਰਪੋਟ ਪਹੁੰਚਨ ਦੀ ਵੀ ਖਬਰ ਨ ਕੱਢਦੇ, ਇੰਚ ੨ ਸਿੰਘਾਂ ਦਾ ਵੈਰੀ, ਨਿਰਾਸਤਾ ਬਦਲਾਂ ਦੀ ਫੁਰਤੀ ਨਾਲ ਸਿਰ ਤੇ ਚੜ੍ਹੀ ਆ-ਰਹੀ ਹੈ, ਇਸ ਸੰਕਟ ਤੇ ਬਿਪਤ ਸਮੇਂ ਉਸ ਸ਼ੇਰਨੀ ਨਿਰਭੈ ਸਿੰਘਨੀ ਹਰਸਰਨ ਕੌਰ ਨੇ ਆਪਨੀ ਦੁਖਦਾਈ ਰਪੋਟ, ਐਸਾ ਕਰੜਾ ਤੇ ਨਿਰਜਨ ਰਸਤਾ ਦੁਸ਼ਮਨ ਦਾ ਘੇਰਾ ਤੇ ਦੁਖ ਝਾਗਕੇ ਪਿਸ਼ਾਵਰ ਆਂਦੀ! ਮੰਤ੍ਰੀ ਨੇ ਇਸ ਭੈਣ ਨੂੰ ਉਸ ਵੇਲੇ ਓਥੇ ਆਏ ਦੇਖਕੇ ਝਟ ਸਰਦਾਰ ਜੀ ਦੇ ਮਹਲਾਂ ਵਿਚ ਭੇਜ ਦਿਤਾ ਅੱਗੋ ਸਰਦਾਰਨੀ ਜੀ ਨੇ (ਜੋ ਓਦੋਂ ਓਥੇ ਸੀ) ਇਸ ਭੈਣ ਦਾ ਬੜਾ ਆਦਰ ਸਨਮਾਨ ਕੀਤਾ ਪਰ ਰਾਤ ਦਾ ਇਕ ਬਜਿਆ ਸੀ! ਤੇ ਸਰਦਾਰ ਜੀ ਬੁਖਾਰਵਿਚ ਬੇਸੁਧ ਬੀਮਾਰ ਪਏ ਸਨ, ਹੁਣ ਓਹ ਚਿਠੀ ਜੋ ਪੜ੍ਹੇ ਤਾਂ ਕੌਣ ਪੜ੍ਹੇ, ਤਿੰਨ ਬਜੇ ਬੁਖਾਰ ਕੁਛ ਹਲਕਾ ਹੋਯਾ ਤਾਂ ਇਸ ਸਿਦਕੀ ਸ਼ੇਰਨੀ ਭੈਣ ਹਰਸ਼ਰਨ ਕੌਰ ਨੇ ਜਿਸਨੂੰ ਕਿ ਜੀਉਂਦੀ ਸ਼ਹੀਦ ਕਹਿਣਾ ਚਾਹੀਦਾ ਹੈ, ਆਪ ਅੱਗੇ ਵਧਕੇ ਸਰਦਾਰ ਜੀ ਨੂੰ ਓਹ

ਚਿੱਠੀ ਦਿੱਤੀ ਤੇ ਸਭ ਵਿਥਯਾ ਜ਼ਬਾਨੀ ਵੀ ਸੁਣਾਈ.

ਸਰਦਾਰਜੀ ਇਸ ਬੇਖੌਫ ਬਹਾਦਰਸਿੰਘਣੀਨੂੰ ਓਥੇਆਏਦੇਖ ਕੇ ਬੜੇ ਪ੍ਰਸੰਨ ਹੋਏ ਤੇ ਪੁਛਿਆ ਹੇਬੀਬੀ!ਤੂੰ ਜ਼ਨਾਨੀ ਦਾ ਜਾਮਾ ਹੋ ਕੇ ਇਸ ਕਠਨ ਸੇਵਾ ਨੂੰ ਚੁਕਿਆ ਕੋਈ ਸਿੰਘ ਕਿਉਂ ਨਹੀਂ ਆਯਾ? ਹਰਸ਼ਰਨ ਕੌਰ ਪਿਤਾਵਤ ਕ੍ਰਿਪਾਲੂ ਸਰਦਾਰ ਜੀ! ਮੈਂ ਆਪਣੇ ਆਪਨੂੰ ਤੁਹਾਡੇ ਇਸ ਦੇਸ਼ ਦੇ ਭਲੇ ਕੰਮ ਤੋਂ ਵਾਰਨੇ ਕਰ ਚੁਕੀਹਾਂ,ਮੇਰੇ ਅਨੇਕ ਭਾਈ! ਏਨ੍ਹਾਂ ਪਠਾਨਾਂਨਾਲ ਲੜਾਈ ਵਿਚ ਸ਼ਹੀਦ ਹੋ ਚੁਕੇ ਹਨ, ਮੈਥੋਂ ਹੋਰ ਏਹ ਅਸੈਹ ਦੁਖ ਨਹੀਂ ਡਿੱਠੇ ਜਾਂਦੇ,ਜੋ ਮੇਰੇ ਸਾਹਮਣੇ ਮੇਰੇ ਵੀਰ ਸ਼ਹੀਦ ਹੋਣ! ਮੈਂ ਏਸ ਵਾਸਤੇ ਬਹੁਤ ਬੇਨਤੀ ਤੇ ਹਥਜੋੜਕੇ ਏਹ ਸੇਵਾ ਸਰਦਾਰ ਮਹਾਂ ਸਿੰਘ ਜੀ ਤੋਂ ਮੰਗੀ ਸੀ, ਦੂਸਰਾ ਓਥੇ ਕਿਲੇ ਵਿੱਚ ਇਕ ੨ ਸਿਪਾਹੀ ਦੀ ਲੋੜ ਹੈ,ਸੋ ਕਿਸੇ ਸਿਪਾਹੀ ਨੂੰ ਭੇਜਕੇ ਆਪਣਾ ਜੱਥਾ ਘਟਾਨਾ ਮੁਨਾਸਬ ਨਹੀਂ ਸੀ ਸਮਝਿਆ, ਸੋ ਮੈਂ ਹੀ ਏਸ ਸੇਵਾ ਨੂੰ ਚੁਕਿਆ,ਜੋ ਸ਼ੁਕਰ ਹੈ ਅਕਾਲਪੁਰਖ ਦੀ ਕ੍ਰਿਪਾ ਨਾਲ ਪੂਰੀ ਹੋਗਈ,ਸਰਦਾਰਜੀ ਏਹ ਬਾਤ ਸੁਨਕੇ ਬੜੇ ਪ੍ਰਸੰਨ ਹੋਏ, ਸ੍ਰੀ ਮਤੀ ਹਰਸਰਨਕੌਰ ਦੇ ਕਾਰਨਾਮੇ ਅੱਗੇ ਵੀ ਬਹੁਤ ਪ੍ਰਸਿੱਧ ਸੇ, ਪਰ ਏਹ ਉਸਦਾ ਐਸੇ ਅਦੁੱਤੀ ਉਤਸਾਹੋ ਕੰਮ ਸੀ ਕਿ ਸਰਦਾਰ ਜੀ ਨੇ ਇਸਦੀ ਬੜੀ ਤਾਰੀਫ ਕੀਤੀ ! ਅਤੇ ਪੰਜ ਸੌ ਜਲ ਖਿਚ ਸਿੰਘ ਕੁਛ ਫੌਜ ਦੇਕੇ ਪਾਣੀ ਆਦਿਕ ਦੀ ਸੇਵਾ ਵਾਸਤੇ ਭੇਜੇ,ਜੋ ਸੂਰਜ ਦੀ ਲੋ ਤੋਂ ਪਹਿਲੇ ਹੀ ਜਮਰੋਦ ਪਹੁੰਚ ਗਏ ਤੇ ਆਪਣੇ ਭਰਾਵਾਂ ਪਾਸ ਜਾ ਮਿਲੇ,ਸਿਦਕਨ ਹਰਸਰਨ ਕੌਰ ਵੀ ਨਾਲ ਹੀ ਮੁੜ ਆਈ.

ਸ੍ਰਦਾਰਹਰੀਸਿੰਘ ਜੀ ਦਾ ਗਸ਼ੀ ਦੀ ਹਾਲਤ ਨਾਲ ਪਿਸ਼ਾਵਰ ਵਿਚਦਰਬਾਰ.(੭੨)

ਦਿਨ ਚੜ੍ਹੇ ਬੁਖਾਰ ਦੀ ਗਸ਼ੀ ਦੀ ਹਾਲਤ ਵਿੱਚ ਹੀ ਹਠੀਲੇ ਸਰਦਾਰ ਹਰੀ ਸਿੰਘ ਜੀ ਨੇ ਦਰਬਾਰ ਕੀਤਾ ਤੇ ਕਿਹਾ ਕਿ ਪਿਆਰੇ ਭਰਾਵੋ! ਜਮਰੋਦ ਦੇ ਕਿਲੇ ਦੀ ਕੰਧ ਟੁਟ ਗਈ ਹੈ ਤੇ ਪਾਨੀ ਦਾ ਤੋੜਾ ਦਿਲ ਤੋੜਦਾ ਹੈ, ਗਾਜ਼ੀ ਜਹਾਦ ਵਾਸਤੇ ਦਮ ਬਦਮ ਵਧ ਰਹੇ ਹਨ, ਅਸੀਂ ਬਹੁਤ ਥੋੜ੍ਹੇ ਤੇ ਓਹ ਅਨ-ਗਿਨਤ ਹੁੰਦੇ ਜਾਂਦੇ ਹਨ, ਲਾਹੌਰੋਂ ਕੋਈ ਮੱਦਦ ਨਹੀਂ ਆਈ, ਆਪਨੀ ਸਿਦਕਨਭੈਣ ਹਰਸ਼ਰਨਕੌਰ ਦਾ ਜਾਨ ਹੀਲਕੇ ਏਥੇ ਪੈਗਾਮ ਪੁਚਾਨਾ ਆਪ ਸੁਣ ਹੀ ਚੁਕੇ ਹੋ,ਹੁਨ ਇਕ ਜਾਨ ਹੋਕੇ ਲੜੋ ਤਾਂ ਸ਼ਾਇਦ ਦੇਸ ਤੇ ਪੰਥ ਸੇਵਾ ਕਰਦੇ ਸ਼ਹੀਦੀ ਸਿਦਕ ਵਿਚ ਪਾਰ ਹੋ ਜਾਈਏ,ਤੇ ਜੇ ਨਹੀਂ ਤਾਂ ਏਥੋਂ ਇੱਕ ਜੀ ਦਾ ਵੀ ਬਚਕੇ ਦੇਸ ਜਾਣਾ ਅਨਹੋਣਾ ਹੈ.

ਸ੍ਰੀ ਮੁਖਵਾਕ–

ਸਵੈਯਾ॥ ਧੰਨ ਜੀਓ ਤਿਹ ਕੋ ਜਗ ਮੇ ਮੁਖ ਤੇ ਹਰਿ
ਚਿੱਤਮੈ ਜੁਧ ਬਿਚਾਰੈ॥ ਦੇਹ ਅਨਿਤ ਨ ਨਿਤ ਰਹੈ ਜਸ
ਨਾਵ ਚੜੈ ਭਵ ਸਾਗਰ ਤਾਰੈ॥ ਧੀਰਜ ਧਾਮ ਬਨਾਇ
ਇਹੈ ਤਨ ਬੁਧਸੁਦੀਪਕ ਜਿਉ ਉਜਿਆਰੈ।ਗਿਆਨਹਿ
ਕੀ ਬਢਨੀ ਮਨੋ ਹਾਥਲੈ ਕਾਤਰ ਤਾ ਕੁਤ ਵਾਰਬੁਹਾਰੈ॥

ਸਰਦਾਰ ਜੀ ਦੀ ਬੀਮਾਰੀ ਦੀ ਦਸ਼ਾ ਦੀ ਵੀ ਏਹ ਗਾਥਾ ਸੁਨਕੇ ਸਬਨਾਂ ਦੇ ਦਿਲ ਭਰ ਆਏ,ਤੇ ਸਾਰਿਆਂ ਨੇ ਅਰਦਾਸਾ ਸੋਧਕੇ ਪ੍ਰਣ ਕੀਤਾ ਕਿ ਅਸੀਂ ਦੇਸ ਤੇ ਪੰਥ ਤੋਂ ਕੁਰਬਾਂਨ ਹੋਣ ਲਈ ਤਿਆਰ ਹਾਂ ਜੋ ਹੁਕਮ ਕਰੋ ਸਿਰੋਂਪਰੇ ਹੋਕੇ ਕੀ ਮੰਨਾਂਗੇ.

ਇਸ ਬਾਤ ਦਾ ਸ੍ਰੀ ਅਕਾਲਪੁਰਖ ਜੀ ਦੇ ਹਜ਼ੂਰ ਅਰਦਾਸਾ ਸੋਧਕੇ ਸਭਨਾਂ ਨੇ ਪ੍ਰਣ ਕੀਤਾ, ਸਰਦਾਰਜੀ ਨੇ ਹਰੇਕ ਕੁਮੇਦਾਨ ਨੂੰ ਯਥੋਚਿਤ ਫੌਜ ਤੇ ਕੁਛ ਜ਼ਰੂਰੀ ਸਿੱਖਯਾ ਦੇਕੇ ਆਪੋ ਆਪਨੀ ਜਗ੍ਹਾ ਤੇ ਥਾਪਦਿਤਾ ਤੇ ਏਥੋਂ ਦੀ ਕਾਰਰਵਾਈ ਦੀ ਸਬ ਰਪੋਟ ਸੁਵਾਰ ਹਥ ਲਾਹੌਰ ਭੇਜ ਦਿਤੀ, ਭਾਂਵੇ ਸਰਦਾਰ ਜੀ ਕਮਜ਼ੋਰੀ ਤੇ ਬੁਖਾਰ ਦੇ ਕਾਰਨ ਆਪ ਉਸੇ ਦਿਨ ਜਮਰੋਦ ਨ ਆ ਸਕੇ ਪਰ ਤਦ ਵੀ ਪਿਸ਼ਾਵਰੋਂ ਚੱਲਕੇ ਤਿੰਨ ਕੋਹ ਤੇ ਜੋ ਤਿਕਾਲ ਦਾ ਬੁਰਜ ਹੈ ਆਗਏ ਤੇ ਲੜਾਈ ਲਈ ਕਮਰਕੱਸਾਕਰਾਂਉਂਦੇਰਹੇ.

ਪਠਾਨਾਂ ਦਾ ਕਿਲੇ ਵਿਚ ਧੱਸਨ ਦਾ ਯਤਨ. (੭੩)

ਬਸੰਤ ਦੀ ਸੁਹਾਵਣੀ ਰੁੱਤ ਸਵੇਰ ਦੀ ਠੰਢੀ ਰਮਣੀਕ ਪੌਣ ਹਰ ਇਕ ਨੂੰ ਨੀਂਦਰ ਦਾ ਝੋਕਾ ਦੇਂਦੀ ਹੈ, ਆਲਸੀ ਆਪਣੇ ਸਾਹ ਪੂਰੇ ਕਰਦੇ ਤੇ ਹਰੀਜਨ ਭਜਨ ਵਿਚ ਆਨੰਦ ਹਨ, ਏਹ ਐਸਾ ਸੁਹਾਵਣਾ ਸਮਾਂ ਬਨਿਆ ਸੀ ਕਿ ਜਿਸਦੀ ਲੈ ਵਿਚ ਹਿਮਾਲਾ ਪਹਾੜ ਦੇ ਜੋਗੀ ਵੀ ਸਮਾਧ ਦੇ ਆਨੰਦ ਵਿਚ ਲੈ ਹੋ ਜਾਂਦੇ, ਕਹਾਵਤ ਵੀ ਹੈ ਕਿ ਨੀਂਦਰ ਸੂਲੀ ਤੇ ਵੀ ਆ ਜਾਂਦੀ ਹੈ ਪਰ ਏਥੇ ਨਹੀਂ ਸਿੱਧ ਹੁੰਦੀ.

ਹੁਨ ਸਰਦਾਰ ਮਹਾਂਸਿੰਘ ਦੇ ਸਿਰ ਤੇ ਨਿਰਾਸਤਾ ਦਾ ਬਦਲ ਚੜਦਾ ਸੀ ਗਾਜ਼ੀਆ ਦਾ ਦੱਮਖਦੱਮ ਵਾਧਾ, ਕੱਚੇ ਕਿਲੇ ਦਾ ਕੋਈ ਆਸਰਾ ਨਹੀਂ, ਫੋਜ ਥੱਕੀ ਟੁੱਟੀ ਹੋਈ, ਤੇ ਪਾਨੀ ਦੀ ਪਿਆਸੀ, ਲੜਾਈਦੇ ਹਰਦਮ ਤਿਆਰੀ, ਓਥੇ ਇੱਕਨੇ ਵੀ ਨੀਂਦ ਦਾ ਸੁਖ ਨ ਚਖਿਆ, ਅੱਖ ਤਕ ਵੀ ਕਿਸੇ ਨ ਮੀਟੀ, ਪੰਜਇਸ਼ਨਾਨੇ ਵਾਸਤੇ ਵੀ ਪਾਨੀ ਹੈ ਨਹੀਂ, ਪਰ ਏਹ ਧਰਮੀ ਹਠੀਲੇ ਸਿੰਘ ਦੇਸ਼ਦੇ ਸੁਖ

ਤੇ ਰਾਜਾ ਦਾ ਹਕ ਅਦਾ ਕਰਨ ਵਾਸਤੇ ਜਾਨਾਂਹੂਲ੨ਕੇ ਮਰਨ ਮਾਰਨ ਵਾਸਤੇ ਤਿਆਰ ਬੈਠੇ ਹਨ, ਕਈਆਂ ਨੇ ਤਾਂ ਸੁੱਕੇ ਮੂੰਹ ਹੀ ਕਈਆਂ ਨੇ ਸਾਫੇ ਗਿੱਲੇ ਕਰ ੨ ਕੇ ਸੁੱਚੇਤੇ ਤਾੜੇ ਤੇ ਨਿਤ ਨੇਮ ਦਾ ਪਾਠ ਕੀਤਾ.

ਏਧਰ ਸਿੰਘਾਂ ਨੂੰ ਤਾਂ ਪਾਨੀ ਦੀ ਇਤਨੀ ਤੰਗੀ, ਓਧਰ ਪਠਾਨ ਖੁਲੇ ਡੁਲੇ ਪਾਨੀਨਾਲ ਵਜ਼ੂ (ਨਿਮਾਜ਼ ਪੜ੍ਹਨ ਤੋਂ ਪਹਿਲੇ ਹੱਥ ਪੈਰ ਧੋਨੇ) ਸਾਜਦੇ ਤੇ ਸੁਵੇਰ ਦੀ ਨਿਮਾਜ਼ ਅਖ ਦੇ ਫੇਰ ਵਿਚ ਪੜਕੇ ਦੁਆ ਮੰਗਨ ਲੱਗੇ, ਤੇ ਸਬ ਇੱਕ ਤਨ ਹੋਕੇ ਧੌਂਸੇ ਨੂੰ ਚੋਟ ਦੇਕੇ ਲੜਾਈ ਲਈ ਅੱਗੇ ਵਧੇ.

ਕਿਲੇ ਦੇ ਗਿਨਤੀ ਦੇ ਹਠੀਲੇ ਸਿੰਘ ਸ਼ਹੀਦੀ ਦੀ ਆਸ ਵਿੱਚ ਤੋਪਾਂ ਤੇ ਬੰਦੂਕਾਂ ਨਾਲ ਏਸ ਕੀੜੀ ਦੱਲ ਨੂੰ ਸਮਝਾਉਂਦੇ ਰਹੇ, ਪਿਸ਼ਾਵਰ ਦੀ ਤੁਰੀ ਹੋਈ ਫੌਜ ਵੀ ਆ ਮਿਲੀ ਸੀ, ਪਰ ਗਾਜ਼ੀ ਤਾਂ ਦੱਮ ਬਦੱਮ ਵੱਧਦੇ ਜਾਂਦੇ ਸਨ, ਸਾਰਾ ਦਿਨ ਬੜਾ ਘੋਰ ਘਮਸਾਨ ਰਿਹਾ, ਪਰ ਏਨ੍ਹਾਂ ਸੂਰਮਿਆਂ ਨੇ ਪਠਾਨਾਂ ਦੀ ਇੱਕ ਪੇਸ਼ ਨ ਜਾਣ ਦਿੱਤੀ! ਗਾਜ਼ੀ ਜੋਸ਼ ਨਾਲ ਬਹੁਤੇਰੇ ਢੋਲ ਕੁਟ੨ ਕੇ ਅੱਗੇ ਵਧਦੇ ਤੇ ਮਰਨ ਮਾਰਨ ਠਾਨਦੇ ਤੇ ਅਲੀ ੨ ਕਰਕੇ ਛਈਆਂ ਲੈਂਦੇ, ਪਰ ਹਰ ਵਾਰੀ ਆਪਣੇ ਜੁਸ਼ੀਲੇ ਗੋਂਣਵੇਂ ਜੋਧੇ ਗੋਲੀਆਂ ਦੀ ਅੱਗ ਵਿੱਚ ਸੜਵਾਕੇ ਮੁੜਦੇ ਰਹੇ.

ਇਸੇ ਤਰਾਂ ਦੋਵੇਂ ਦੱਲ ਸਾਰਾ ਦਿਨ ਲੜਦੇ ਭਿੜਦੇ ਰਹੇ ਸੂਰਜ ਡੁੱਬ ਗਿਆ, ਤੇ ਗਾਜੀ ਥੱਕ ਹੁਟਕੇ ਨਿਰਾਸਤਾ ਦੀ ਰਾਤ ਕੱਟਨ ਵਾਸਤੇ ਮੁੜ ਪਏ.

ਕਿਲੇਦੇ ਪਾਸ ਕ੍ਰੀਬਨ ਤਿੰਨ ਸੌ ਪਠਾਨਾਂ ਦੀ ਲੋਥ ਪਈ ਸੀ, ਪਰ ਅਕਾਲ ਪੁਰਖ ਦੇ ਰੰਗ ਕੈਸੇ ਅਦਭੁਤ ਹਨ, ਕਿ ਐਸੀ ਕਰੜੀ ਲੜਾਈ ਵਿੱਚ ਉਸ ਦਿਨ ਇੱਕ ਸਿੰਘ ਵੀ ਗੁਰਪੁਰ ਨ

ਸਿਧਾਰਿਆ। ਜਿਸਦਾ ਪ੍ਰਤੱਖਯ ਯਕੀਨ ਪੈਂਦਾ ਹੈ ਕਿ ਗਾਜ਼ੀ ਲੜਦੇ ਭਿੜਦੇ ਕਿਲੇ ਵਿੱਚ ਧੱਸਨ ਦਾ ਯਤਨ ਕਰਦੇਰਹੇ,ਪਰ ਸਿੰਘ ਓਟ ਵਿੱਚ ਹੋਕੇ ਆਪ ਬਚਦੇ ਤੇ ਪਠਾਨਾਂਨੂੰ ਵਿੰਨ੍ਹਦੇਰਹੇ.

ਸੂਰਜ ਡੁੱਬਨਤੇ ਲੜਾਈ ਥੰਮ੍ਹ ਗਈ, ਸਰਦਾਰ ਹਰੀਸਿੰਘ ਜੀ ਵੀ ਤਿਕਾਲ ਦੇ ਬੁਰਜ ਤੇ ਤਪ ਦੀ ਹਾਲਤ ਵਿੱਚ ਦੂਰਬੀਨ ਨਾਲ ਸਬ ਲੜਾਈ ਦੇਖ ਰਹੇ ਸੀ, ਸੋ ਹੁਣ ਸਰਦਾਰ ਮਹਾਂ ਸਿੰਘ ਨੂੰ ਸਨੇਹਾ ਭੇਜ ਦਿੱਤਾ, ਕਿ ਹੇ ! ਸੂਰਮਿਓ ਤੁਹਾਡੀ ਬਹਾਦਰੀ ਬੇ ਨਜ਼ੀਰ ਹੈ ! ਤੁਹਾਡੀ ਹਿੰਮਤ ਅੱਥਕ ਹੈ ! ਤੇ ਤੁਸੀ ਦੇਸ਼ ਦੇ ਭਲੇ ਤੇ ਰਾਜ ਹੱਕ ਵਾਸਤੇ ਜਾਨਾਂ ਹੂਲਦੇ ਹੋ ! ਮੈਨੂੰ ਇਸ ਵਕਤ ਤਪ ਜ਼ੋਰ ਦਾ ਚੜ੍ਹ ਰਿਹਾ ਹੈ, ਉਮੈਦ ਹੈ ਆਪਨੀ ਵਾਰੀ ਪਾਕੇ ਕੱਲ ਕੁਛ ਹਲਕਾ ਹੋਵੇਗਾ, ਇਸ ਵਾਸਤੇ ਪਰਸੋਂ ਮੈਂ ਜ਼ਰੂਰ ਆਪਦੀ ਮਦਦ ਵਾਸਤੇ ਮੈਦਾਨ ਵਿੱਚ ਆਵਾਂਗਾ, ਅਕਾਲ ਪੁਰਖ ਸਹਾਈ ਹੋਵੇ ਤੁਸੀ ਕੱਲ ਮਾਮੂਲੀ ਲੜਾਈ ਛੇੜੀ ਰਖੋ ਤੇ ਪਠਾਨਾਂ ਨੂੰ ਓਨ੍ਹਾਂ ਦੀਆਂ ਲੋਥਾਂ ਚੁਕਨੋ ਨ ਹਟਾਉਣਾ.

ਸਰਦਾਰ ਹਰੀਸਿੰਘ ਜੀ ਦੀ ਸ਼ਹੀਦੀ.(੭੪)

"ਪਹਿਲਾਂ ਮਰਨ ਕਬੂਲ ਕਰ ਜੀਵਨ ਕੀ ਛਡ ਆਸ"

ਅਥਵਾ–"ਜੋ ਜਨਮੈਂ ਤਿਸ ਸਰ ਪਰ ਮਰਣਾ
ਕਿਰਤ ਪਿਆ ਸਿਰ ਸਾਹਾ ਹੇ"

"ਤੁਝਹੀ ਕੀਆ ਜੰਮਣ ਮਰਣਾ।
ਗੁਰ ਤੇ ਸਮਝ ਪਰੀ ਕਿਆ ਡਰਨਾ ॥

"ਤੂੰ ਦਇਆਲ ਦਇਆ ਕਰ ਦੇਖਹਿ

ਦੁਖ ਦਰਦ ਸਰੀਰਹੁ ਜਾਈ ਹੇ"॥
"ਮਰਣ ਲਿਖਾਇ ਮੰਡਲ ਮਹਿ ਆਏ।
ਕਿਉਂ ਰਹੀਐ ਚਲਣਾ ਪਰਥਾਇ"॥

ਏਸ ਅਸਾਰ ਸੰਸਾਰ ਵਿੱਚ "ਕੌਨ ਨ ਮੂਆ ਕੌਨ ਨ ਮਰਸੀ" ਦਾ ਵਾਕ ਘੱਟਦਾ ਹੈ, ਸੂਰਜ ਆਪਨੇ ਕੰਮ ਵਿੱਚ ਹੈ, ਜ਼ਮੀਨ ਆਪਨਾ ਪੰਧ ਮੁਕਾ ਰਹੀ ਹੈ ਸਮਾ ਪਲ ੨ ਪਿਛੋਂ ਬਦਲ ਕੇ ਆਪਣੀ ਅਨਸਥਿਰਤ ਦਸ ਕੇ ਜੀਵਾਂ ਨੂੰ ਸਿਖਜਾ ਦੇਂਦਾ ਹੈ, ਕਦੀ ਆਪਨੇ ਸਨੇਹੀਆਂ ਮਿਤਰਾਂ ਦੀ ਮੌਤ ਚੇਤੇ ਕਰਾਉਂਦੀ ਹੈ, ਕਿ ਸੰਸਾਰ ਥਿਰ ਨਹੀਂ ਈਸ੍ਵਰ ਪ੍ਰਾਇਣ ਹੋਜਾਵੇ ਜੋ ਜਨਮ ਮਰਨ ਦੀ ਬਾਜ਼ੀ ਨ ਹਾਰੇ, ਅਤੇ ਆਪਣੇ ਕੂੜੇ ਧੰਧਿਆਂ ਤੋਂ ਛੁੱਟੀ ਪਾਓ, ਏਹ ਤਾਂ ਅੰਤ ਨੂੰ ਸਹਾਈ ਨਹੀ ਹੋਣੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੈਸਾ ਉੱਤਮ ਉਪਦੇਸ਼ ਦਿੱਤਾ ਹੈ:- ਕਬਿੱਤ-

"ਤੇ ਤਨ ਤਿਆਗਤ ਹੀ ਸੁਨ ਰੇ ਜੜ੍ਹ
ਪ੍ਰੇਤ ਬਖਾਨ ਤ੍ਰਿਯਾ ਭਜ ਜੈਹੈ।
ਪੁਤ੍ਰ ਕਲੱਤ੍ਰ ਸੁਮਿੱਤ੍ਰ ਸਖਾ ਸਬ
ਬੇਗ ਨਿਕਾਰਹੁ ਆਇਸੁ ਦੈ ਹੈ।
ਭਉਨ ਭੰਡਾਰ ਧਰਾ ਗੜ੍ਹ ਜੇਤਕ
ਤਿਆਗਤ ਪ੍ਰਾਨ ਬਿਗਾਨ ਕਹੈ ਹੈ।
ਚੇਤਰੇ ਚੇਤ ਅਚੇਤ ਮਹਾਂ ਪਸੁ
ਅੰਤ ਕੀ ਬਾਰ ਅਕੇਲੋ ਹੀ ਜੈਹੈ".

ਪਰ ਕਈ ਮੇਰੇ ਜੈਸੇ ਸੰਸਾਰੀ ਇਸ ਕੂੜੇ ਜਗ ਨੂੰ ਸੱਚਾ ਜਾਨਕੇ ਐਸ਼ ਗਲਤਾਨ ਹੁੰਦੇ ਹਨ; ਕਿ ਕੁਛ ਵੀ ਆਗੇ ਦਾ ਤੋਸ਼ਾ ਨਹੀਂ ਬੰਨਦੇ ਵਾਕ ਹੈ:-

"ਜਿਨ ਗੁਰ ਗੋਪਿਆ ਆਪਣਾ ਤੇ ਨਰ ਬੁਰਿਆਰੀ।
ਹਰ ਤਿਨਕੀ ਸੰਗਤ ਨ ਕਰੋ ਓਹ ਪਾਪਿਸਟ ਹਤਿਆਰੀ"
ਜੀਵ ਦੇਖਦਾ ਹੈ ਪਰ ਫੇਰ ਅੰਨ੍ਹਾ ਹੋ ਜਾਂਦਾ ਹੈ :—
'ਇਕਬਿਨਸੇ ਇਕ ਅਸਥਿਰਮਾਨੈ ਅਚਰਜਲਖਯੋ ਨ ਜਾਈ'
ਅੰਤ ਵੇਲੇ ਪਛੋਤਾਉਂਦਾ ਹੈ ਪਾਪਾਂ ਦੀ ਪੰਡ ਭਾਰੀ ਹੋ ਜਾਂਦੀ ਹੈ ਤੇ ਜਮਾਂ ਨੂੰ ਕਹਿੰਦਾਹੈ"ਕੁਛਭੀ ਖਰਚ ਤੁਮਾਰਾ ਸਾਰਉ। ਸੁਬਹ ਨਮਾਜ਼ ਸਰਾਇ ਗੁਜ਼ਾਰਉ"ਪਰ ਓਸ ਵੇਲੇ ਸਾਰੀ ਦੁਨੀਆਂ ਦੀ ਦੌਲਤ ਦੇ ਬਦਲੇ ਵੀ ਇਕ ਸਾਹ ਮੁਲ ਨਹੀਂ ਮਿਲਦਾ, ਸੰਗੀ ਸਾਥੀ ਘਰ ਦੇ ਬੂਹੇ ਤਕ ਕੁਛ ਸ਼ਮਸ਼ਾਨ ਵਿਚ ਸਿਰ ਪਾੜਨ ਤਕ ਜਾ ਸਕਦੇ ਹਨ, ਐਸੀ ਦਸ਼ਾ ਹੋ ਜਾਂਦੀ ਹੈ "ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੈ ਗਏ ਭਾਈ" ਅਜ ਸੋਯਾ ਕਲ ਚੌਥਾ ਦਿਨ, ਇਸੇ ਤਰਾਂ ਅਨੇਕ ਜੀ ਆਪਨਾ੨ ਪਾਰਟ ਇਸ ਅਸਾਰ ਸੰਸਾਰ ਦੇ ਥੀਏਟਰ ਤੇ ਖੇਲਕੇ ਚਲੇ ਗਏ, ਜਿਨਾਂ ਨੂੰ ਕੋਈ ਨਹੀਂ ਜਾਨਦਾ, ਪਰ ਭਲੇ ਪੁਰਸ਼ ਜਿਨਾਂ ਨੇ ਦੇਸ਼ ਤੇ ਕੌਮ ਦੇ ਲਾਭ ਵਾਸਤੇ ਕੰਮ ਕੀਤੇ, ਅਕਾਲ ਨੂੰ ਸਿਮਰਿਆ ਅਜ ਤਕ ਕਹੇ ਸੁਣੇ ਜਾਂਦੇ ਹਨ, ਪ੍ਰਹਿਲਾਦ ਬਾਲਕ ਨੂੰ ਜੁਗੜੇ ਬੀਤ ਗਏ ਪਰ ਅਜੇ ਤਕ ਨਾਮ ਰੌਸ਼ਨ ਹੈ, ਭਾਈ ਮਤੀ ਰਾਮ ਜੀ, ਬਾਬਾ ਫੂਲਾ ਸਿੰਘ ਜੀ ਅਕਾਲੀ, ਭਾਈ ਮਨੀਸਿੰਘ ਜੀ, ਭਾਈਤਾਰੂ*

*ਏਨ੍ਹਾਂ ਸੂਰਬੀਰ ਧਰਮੀ ਸ਼ਹੀਦਾਂ ਸਿੰਘਾਂ ਦੇ ਕਾਰਨਾਮੇ ਪੜ੍ਹਨੇ ਤੇ ਮਨ ਵਿੱਚ ਵਸਾਉਣੇ ਹਰੇਕ ਪੰਜਾਬੀ ਦਾ ਧਰਮ ਹੈ ਸੋ ਤੁਸੀ "ਧਰਮਬੀਰ" ਨਾਮੇ ਪੁਸਤਕ "ਮੌਡਲ ਪ੍ਰੈਸ, ਅਨਾਰਕਲੀ ਲਾਹੌਰ" ਤੋਂ ਜ਼ਰੂਰ ਮੰਗਾਕੇ ਪੜ੍ਹੋ ਤੇ ਬਾਲ ਬੱਚੇ ਨੂੰ ਪੜ੍ਹਾਓ ਮੁੱਲ ਬਹੁਤ ਥੋੜਾ ਸਿਰਫ ।॥)

ਸਿੰਘ ਜੀ; ਭਾਈ ਦੀਪਸਿੰਘ ਜੀ, ਭਾਈ ਮਤਾਬਸਿੰਘ ਜੀ,ਭਾਈ ਬਚਿਤ੍ਰਸਿੰਘ ਜੀ,ਮਾਈ ਭਾਗੋ,ਮਾਈ ਸੁੰਦ੍ਰੀਜੀ,ਮਾਈ ਸਤਵੰਤਕੌਰ ਆਦਿਕਾਂਦੇ ਨਾਮ ਸਦਾ ਤਕ ਰਹਿਣਗੇ,ਜਿਸਨੂੰ ਜ਼ਮੀਨ ਤੇ ਅਸ ਮਾਨ ਦੇ ਪੁੜ ਨਹੀਂ ਪੀਹ ਸਕਦੇ,ਸਗੋਂ ਜਿਉਂ ੨ ਸਮਾਂ ਬੀਤੇਗਾ ਤਿਉਂ ੨ ਉਨ੍ਹਾਂ ਦੇ ਨਾਮ ਚਮਕਣਗੇ, ਅਜ ਹਜ਼ਾਰ ਸੂਰਜ ਵੀ ਹੋਜਾਵੇ, ਅਤੇ ਅਸੀ ਸਰਦਾਰ ਹਰੀਸਿੰਘ ਜੀ ਨੂੰ ਲਭਣਲਗੀਏ ਤਾਂ ਲਭਨਾਂ ਕਿਧਰੇ ਰਿਹਾ ਉਸ ਦੇਸ਼ ਹਿਤੈਸ਼ੀ ਸੂਰਬੀਰ ਦੇ ਕਾਰਨਾਮੇ, ਦੇਸ਼ ਦੀ ਭਲਾਈ; ਬ੍ਰਾਹਮਣ ਵਜ਼ੀਰਾਂ ਦੀ ਦ੍ਵੈਖਤਾ ਦੁਪਹਿਰ ਦੇ ਸੂਰਜ ਵਾਂਗੂੰ ਰੌਸ਼ਨ ਹਨ। ਜਿਥੇ ੨ ਸਿੰਘਾਂ ਦੇ ਕਾਰਨਾਮਿਆਂ ਦਾ ਜ਼ਿਕਰ ਹੋਵੇਗਾ ਉਥੇ ੨ ਇਸ ਬਹਾਦਰ ਸੂਰਬੀਰ ਦਾ ਨਾਮ ਸਨਮਾਨ ਨਾਲ ਲਿਆ ਜਾਵੇਗਾ.

ਅਜ ਸਹਾਇਤਾ ਲਈ ਪਹੁੰਚਨ ਦਾ ਦੂਸਰਾ ਦਿਨ ਆ ਗਿਆ, ਸਰਦਾਰ ਜੀ ਬਹੁਤ ਸਵੇਰੇ ਉਠੇ ਤੇ ਆਪਨੇ ਨਿਤ ਕਰਮ ਤੋਂ ਪਿਛੋਂ ਬੀਮਾਰੀ ਦੀ ਹਾਲਤ ਵਿੱਚ ਹੀ ਸੰਜੋ ਆਦਿਕ ਪਹਿਨ ਲਈ, ਤੇ ਦੇਸ਼ ਅਤੇ ਰਾਜ ਸੇਵਾ ਲਈ ਅਰਦਾਸਾ ਸੋਧ ਕੇ ਘੋੜੇ ਤੇ ਸੁਵਾਰ ਹੋਗਏ, ਅਤੇ ਉਸ ਦਿਨ ਸੁਵੇਰੇ ਕਹਿਦਿੱਤਾ ਕਿ ਅਜ "ਤਖ਼ਤ ਯਾ ਤਖ਼ਤਾ" (ਫਤਹ ਯਾ ਮੌਤ) ਖ੍ਰੀਦਨੀ ਹੈ.

ਬਹਾਦਰ ਸੂਰਮਾ ਫੌਜ ਦੇ ਅਗੇ ਹੋ ਤੁਰਿਆ ਪਿਛੇ ੨ ਦਲ ਨੇ ਵੀ ਜੋ ਕ੍ਰੀਬ ਸਤ ਹਜ਼ਾਰ ਦੇ ਸੀ ਤਿਆਰੀ ਕੀਤੀ ਤੇ ਏਹ ਪੰਜ ਛੇ ਕੋਹ ਦਾ ਰਸਤਾ,ਗਾਜ਼ੀਆਂ ਪਠਾਨਾਂ ਦੀਫੌਜ ਵਿੱਚੋਂ ਨਿਰਭੈਯਤਾ ਨਾਲ ਲੰਘ ਗਏ, ਜੇ ਕਦੀ ਪਠਾਂਨ ਉਸ ਵੇਲੇ ਦੁਵੱਲੜ ਲੜਾਈ ਛੇੜ ਦੇਂਦੇ, ਤਾਂ ਸਰਦਾਰ ਜੀ ਨੂੰ ਜਮਰੋਦ ਪਹੁੰਚਨਾ ਹੋਰ ਕਠਨ ਹੋ ਜਾਂਦਾ, ਪਰੰਇਨਾਂਨੂੰ ਸਰਦਾਰ ਹਰੀਸਿੰਘ ਜੀ ਦੇ ਨਾਮ ਦਾ ਧੱਮਾਂ ਹੀ ਕਾਫੀ ਸੀ,ਸੋ ਮੈਦਾਨ ਵਿੱਚ ਤਾਂ ਏਹ

ਕੁਝ ਨ ਸਸਕੇ, ਬਹਾਦਰ ਦਲੇਰ ਕਮਾਂਡਰ ਸਰਦਾਰ,ਸੂਰਜ ਦੀ ਟਿੱਕੀ ਨਾਲ ਇਕਰਾਰ ਸਿਰ ਜਮਰੋਦ ਪਹੁੰਚ ਹੀ ਗਿਆ.

ਸਰਦਾਰ ਮਹਾਂਸਿੰਘ ਜੀ ਨੇ ਆ ਕੇ ਫਤਹ ਗਜਾਈ ਤੇ ਸਬ ਵਿਥਯਾ ਦਸੀ, ਅਤੇ ਇਕ ਦਿਨ ਲੜਾਈ ਹੋਰ ਨ ਕਰਨ ਵਾਸਤੇ ਬੇਨਤੀ ਕੀਤੀ, ਪਰ ਸਰਦਾਰ ਹਰੀਸਿੰਘ ਜੀ ਜੋ ਆਪਨੇ ਪ੍ਰਣ ਦੇ ਪੱਕੇ ਸੀ, ਭਾਵੇਂ ਸਰਦਾਰ ਮਹਾਂਸਿੰਘ ਤੇ ਮੁਖ਼ਬਰਾਂ ਨੇ ਖ਼ਬਰ ਦਿੱਤੀ ਕਿ ਅਜ ਆਪ ਦੇ ਏਥੇ ਪਹੁੰਚ ਜਾਨ ਨਾਲ ਗਾਜ਼ੀਆਂ ਵਿੱਚ ਹਿਲ ਜੁਲ ਮਚ ਗਈ ਹੈ, ਤੇ ਓਹ ਭਜ ਜਾਨ ਦਾ ਸਮਾ ਦੇਖ ਰਹੇ ਹਨ, ਅਡੋਲ ਰਹੇ ਤੇ ਪਰ ਪ੍ਰਣ ਦੇ ਸੂਰੇ ਨੇ ਲੜਾਈ ਦੀ ਠਾਨੀ ਤੇ ਆਪਨਾ ਪ੍ਰਣ "ਅਜ ਤਖ਼ਤ ਯਾ ਤਖ਼ਤਾ" ਜੋ ਕਿਹਾ ਸੀ ਸੋ ਝੂਠਾ ਨ ਹੋਨ ਦਿੱਤਾ.

ਇਸ ਵਕਤ ਸਰਦਾਰ ਜੀ ਨੇ ਫੌਜ ਦੇ ਤਿੰਨ ਬ੍ਰਿਗੇਡ ਕੀਤੇ, ਇਕ ਕਿਲੇ ਦੇ ਸਾਮਣੇ ਖੱਬੇ ਪਾਸੇ, ਦੂਸਰਾ ਸੱਜੀ ਵਲ ਤੇ ਤੋਪਖਾਨਾਂ ਉੱਤੇ ਟਿਕਾਨੇ ਤੇ,ਅਤੇ ਆਪਕੁਝ ਫੌਜਲੈਕੇ ਜਿਸ ਪਾਸੇ ਲੋੜ ਪਵੇ ਸਹਾਇਤਾ ਲਈ ਤਿਆਰ ਰਹੇ.

ਮਾਰੂ ਦਮਾਮੇ ਨੂੰ ਚੋਟ ਦਿਤੀ ਗਈ, ਪਠਾਨ ਵੀ ਤਿਆਰ ਸਨ ਲੜਾਈ ਸ਼ੁਰੂ ਹੋ ਗਈ,ਗੋਲੀਆਂ ਦੇ ਉੱਤ੍ਰ ਗੋਲੀਆਂ ਨੇ ਜੁਵਾਨ ਸੂਰਮਿਆਂ ਦੀ ਛਾਤੀ ਵਿੱਚ ਠੋਕ ੨ ਕੇ ਦਿੱਤੇ.

ਸਿੰਘ ਇਕ ਤਾਂ ਘੇਰੇਵਿੱਚ ਦੂਸਰਾ ਉਂਵ ਵੀ ਥੋੜੇ, ਦੁਸ਼ਮਨ ਦੀ ਗਿਨਤੀ ਸੱਠ ਸੱਤ ਹਜ਼ਾਰ ਦੇ ਲਗਭਗ ਸੀ, ਇਸ ਵਾਸਤੇ ਸਿੰਘ ਤਾਂ ਪਰ੍ਹਾ (Square) ਬੰਨਕੇ ਆਪਨਾ ਬਚਾਓ ਕਰਦੇ, ਪਰ ਗਾਜ਼ੀ ਦਮ ਬਦਮ ਅਗੇ ਵਧਨ ਦਾ ਯਤਨ ਕਰਦੇ ਰਹੇ.

ਜਦ ਇਸਤ੍ਰਾਂ ਸਿੰਘਾਂ ਨੇ ਪਠਾਨਾਂ ਨੂੰ ਨ ਵਧਨ ਦਿਤਾ, ਤਾਂ

ਤੀਸਰਾ ਹਿੱਸਾ ਗਾਜ਼ੀ ਸੱਜੇ ਪਾਸੇ ਫੌਜ ਨੂੰ ਅਟਕਾਵਨ ਵਾਸਤੇ ਅੜੇ ਰਹੇ, ਤੇ ਬਾਕੀ ਸਬ ਤਲਵਾਰਾ ਧੂਹ ਕੇ ਕਿਲੇ ਦੇ ਲਹਿੰਦੇ ਪਾਸਿਓਂ ਜਿਥੋਂ ਕੰਧ ਵੀ ਟੁਟ ਚੁਕੀ ਸੀ ਸਿਧਾ ਧੱਸਨ ਦਾ ਯਤਨ ਕਰਨ ਲਗੇ, ਤਲਵਾਰ ਦਾ ਘੋਰ ਜੁੱਧ ਮਚਿਆ, ਇਕ ੨ ਨੇ ਦੋ ਦੋ ਚਾਰ ਚਾਰ ਮਾਰੇ, ਸੂਰਮੇ ਰਣ ਵਿੱਚ ਨਿਤ੍ਰੇ ਤੇ ਕਾਇਰ ਬਿਨ ਆਈਓ ਪੈਰਾਂ ਵਿੱਚ ਲਿਤਾੜੀ ਦੇ ਮਾਰੇ ਗਏ, ਗਿਰਝਾਂ ਸ਼ਹੀਦਾਂ ਦਾ ਮਾਸ ਖਾਨ ਵਾਸਤੇ ਆ ਗਈਆਂ, ਪਰ ਏਹ ਜਿਉਂ ੨ ਜ਼ਖਮੀ ਹੁੰਦੇ ਤਿਉਂ ੨ ਵਧ ੨ ਕੇ ਸ਼ੇਰਾਂ ਵਾਂਗੂ ਭੁਬੱਕ ਕੇ ਪੈਂਦੇ ਯਥਾ—"ਜਬੀ ਬਾਨ ਲਾਗੈ ਤਬੀ ਰੋਸ ਜਾਗੈ" ਗੁਰਵਾਕ "ਜਬ ਆਓਕੀ ਅਉਧ ਨਿਦਾਨ ਬਨੈ ਅਤਿ ਹੀ ਰਣਮੈਂ ਤਬ ਜੂਝ ਮਰੋਂ" ਅਨੁਸਾਰ ਵਧ ੨ ਕੇ ਭਬਕਦੇ ਤੇ ਮਾਰਦੇ ਅਰ ਸ਼ਹੀਦ ਹੁੰਦੇ, ਏਹ ਲੜਾਈ ਸੀ ਕਿ ਮੁਰਦਿਆਂ ਦੇ ਸਿਰਾਂ ਦੇ ਫੁੱਟ ਬਾਲ ਦੀ ਬਾਜ਼ੀ ਸੀ ਲਹੂ ਦੇ ਅਨੇਕ ਘਾਣ ਛੁੱਟ ਪਏ, ਮੁਰਦਿਆਂ ਦੇ ਢੇਰਾਂ ਦੇ ਢੇਰ ਲਗ ਗਏ, ਮਾਨੋਂ ਕਿਲੇ ਵਿੱਚ ਚੜ੍ਹਨ ਵਾਸਤੇ ਪੌੜੀਆਂ ਬਨ ਗਈਆਂ ਸਨ, ਗੋਲਿਆਂ ਦੇ ਧੂੰਏਂ ਤੇ ਪੈਰਾਂ ਦੇ ਘੱਟੇ ਨੇ ਆਸਮਾਨ ਵਿੱਚ ਇਕ ਹੋਰ ਛੱਤ ਪਾ ਦਿੱਤੀ, ਅਤੇ ਹਨੇਰਾ ਹੋ ਗਿਆ ਦੁਵੱਲੜ ਲੜਾਈ ਤੁਲਵੀਂ ਸੀ, ਕੋਈ ਪਾਸਾ ਪਿੱਛੇ ਨ ਹਟਿਆ ਕੁਛ ਚਿਰ ਪਿੱਛੋਂ ਪਠਾਨਾਂ ਦਾ ਪਾਸਾ ਕਿਲੇ ਦੇ ਬੂਹੇ ਵਲੋਂ ਵਧਿਆ, ਇਸ ਦਸ਼ਾ ਨੂੰ ਦੇਖਕੇ ਸਰਦਾਰ ਜੀ ਆਪਨੀ ਫੌਜ ਦੇ ਤੀਸਰੇ ਬ੍ਰਿਗੇਡ ਨੂੰ ਨਾਲ ਲੈਕੇ ਸਹਾਇਤਾ ਵਾਸਤੇ ਪਹੁੰਚੇ, ਤੇ ਕੜਕ ਕੇ ਸਿੰਘਾਂ ਨੂੰ ਉਤਸਾਹ ਦਿੱਤਾ, ਕਿ ਪਿਆਰੇ ਭਰਾਵੋ! ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਪਾਨ ਕਰਕੇ ਕਿਸ ਤ੍ਰਾਂ ਪਿਠ ਦਸੋਗੇ? ਆਪ ਦੇ ਜਾਨ ਦੀ ਕੋਈ ਥਾਂ ਨਹੀਂ ਹੈ? ਪੰਜਾਬ ਦੂਰ ਹੈ, ਆਓ! ਲੜੋ! ਮਰੋ ਯਾ ਮਾਰੋ! ਏਹੋ ਸਮਾਂ ਦੇਸ਼ ਤੇ ਕੁਰਬਾਨ

ਹੋਂਨ ਦਾ ਹੈ,ਰਾਜ ਹਕ ਨਿਬਾਹੁਨ ਦਾ ਹੈ,ਆਪਨੂੰ ਦੁਵੱਲੜ ਨਫਾ ਹੈ, ਮਾਰੋਗੇ ਤਾਂ ਏਥ ਰਾਜ, ਸ਼ਹੀਦ ਹੋਵੋਗੇ ਤਾਂ ਹਮੇਸ਼ਾ ਦਾ ਸੁਖ ਸੰਭਾਲੋ ਏਹ ਓਹੋ ਗਾਜ਼ੀ ਮਰਦੂਦ ਹਨ ਜਿਨਾਂ ਨੂੰ ਕਿਤਨੀ ਵਾਰੀ ਤੁਸਾਂ ਮਾਰ ੨ ਕੇ ਗਾਜ਼ੀ ਪੁਨੇ ਦਾ ਜਿੱਨ ਉਤਾਰਿਆ ਹੋਯਾ ਹੈ, ਏਹ ਕਿੰਨੀ ਵਾਰੀ ਮੂਹ ਦੀ ਖਾ ਕੇ ਵੀ ਢੀਠਾਂ ਵਾਂਗੂੰ ਫੇਰ ਲੜਨ ਚਲੇ ਆਂਵਦੇ ਹਨ, ਜਦ ਏਹ ਢਿਠਾਈ ਨਹੀਂ ਹਾਰਦੇ,ਤਦ ਤੁਸੀ ਅਪਨਾ ਸੱਚਾ ਹਠ ਕਿਉਂ ਨਹੀਂ ਨਿਬਾਹੋਗੇ.

ਇਸ ਪੁਰ ਜੋਸ਼ ਭੜਕੀਲੀ ਵਾਰਤਾ ਨੂੰ ਸੁਣਕੇ ਥੱਕੇ ਹੁਟੇ ਸਿੱਘ ਵੀ ਤਾਜ਼ਾਦਮ ਵਾਲਿਆਂ ਤੋਂ ਵਧਕੇ ਲੜਨਲਗੇ,ਕਹਿੰਦੇ ਹਨ ਕਿ ਇਕ ਘੜੀਵਿੱਚਹੀ ਦੁਸ਼ਮਨ ਨੂੰ ਮਾਰ ੨ ਕੇ ਭਜਾਦਿੱਤਾ ਤੇ ਪਠਾਨਾਂ ਦੇ ਚਾਰ ਮੋਰਚੇ ਸਿੰਘਾਂ ਨੇ ਤੋੜ ਦਿੱਤੇ, ਹੁਨ ਪਠਾਨ ਪੰਜਵੇਂ ਮੋਰਚੇ ਤੇ ਤੋਪਖਾਨੇ ਦੀ ਓਟ ਤੇ ਜਾ ਅੜੇ,ਪਰਓਥੋਂ ਵੀ ਖਾਲਸਈ ਤਲਵਾਰ ਨੇ ਮਾਰ ੨ ਕ ਕੱਢ ਦਿੱਤੇ,ਅਤੇ ਛੇ ਤੋਪਾਂ ਪਠਾਨਾਂ ਦੀਆਂ ਖਿੱਚਕੇ ਕਿਲੇ ਵਿੱਚ ਲੈ ਆਏ.

ਸ਼ੱਮਸਦੀਨ ਦਾ ਮਦਦ ਵਾਸਤੇ ਆਉਨਾ. (੭੫)

ਜਿਸ ਨੂੰ ਰੱਬ ਰਖੇ ਓਸਨੂੰ ਕੌਨ ਮਾਰੇ ! ਉਸ ਵੇਲੇ ਅਚਨ ਚੇਤ ਅਮੀਰ ਦੋਸਤ ਮੁਹੰਮਦ ਖਾਂ ਦਾ ਭਣੇਵਾਂ ਪੰਦ੍ਹਾਂ ਸੈ ਸਵਾਰ ਤਾਜ਼ਾਦਮ ਲੈਕੇ ਪਠਾਨਾਂ ਦੀ ਮਦਦ ਤੇ ਕਾਬਲੋਂ ਆ ਗਿਆ ਤੇ ਚੌਥੇ ਪਾਸਿਓਂ ਵਧਿਆ, ਅਤੇ ਓਨਾਂ ਸਿੰਘਾਂ ਤੇ ਜੋ ਭਜੇ ਜਾਂਦਿਆਂ ਪਠਾਨਾਂ ਦਾ ਪਿੱਛਾ ਕਰਦੇ ਸੀ, ਛਾਪਾ ਮਾਰਿਆ, ਏਹ ਥੋੜਾ ਜਿੰਨਾਂ ਦਸਤਾਂ ਅਚਾਨਕ ਸਵਾਰਾਂ ਦੀ ਜ਼ਦ (ਮਾਰ) ਵਿੱਚ

ਆਕੇ,ਬੇਮੁਤਾਨਾ ਕਿਲੇ ਵੱਲ ਮੁੜਿਆ, ਏਨਾਂ ਦਾ ਇਸ ਤਰਾਂ ਅਚਾਨਕ ਮੁੜਨਾ ਦੇਖਕੇ ਲੜਦੇ ਹੋਏ ਸੈਨਾਂ ਦੇ ਵੀ ਦਿਲ ਹਿਲ ਗਏ.

ਹੁਨ ਲੜਾਈ ਨੇ ਪਲੜਾ ਬਦਲਿਆ, ਸਿੰਘਾਂ ਦਾ ਪੈਰ ਦਮ ਬਦਮ ਪਿੱਛੇ ਹਟਦਾ ਸੀ ਤੇ ਸ਼ੱਮਸਦੀਨ ਖਾਂ ਉੱਤੇ ਚੜ੍ਹਿਆ ਆ ਰਿਹਾ ਸੀ.

ਸਰਦਾਰ ਜੀ ਆਪਨੇ ਸੂਰਬੀਰਾਂ ਨੂੰ ਐਸੇ ਅਗਿਆਤ ਦਸਤੇ ਦੀ ਕਰਨੀ ਬਦਲੇ ਸ਼ਹੀਦ ਹੁੰਦੇ ਦੇਖਕੇ ਰੋਹਵਿੱਚ ਅੱਗੇ ਵਧੇ,ਮਾਰੂ ਰੰਜੀਤ ਨਗਾਰੇ ਨੂੰ ਚੋਟ ਦਿੱਤੀ ਗਈ, ਪਰ ਫ਼ੌਜ ਦੇ ਪੈਰ ਨ ਟਿਕ ਸਕੇ, ਫੇਰ ਦੋਹਰੀ ਚੋਟ ਦਿਤੀ ਪਰ ਕਿਥੇ? ਏਹ ਦੇਖਕੇ ਉਸ ਦੇਸ਼ ਰਖਛਕ ਪਰਮ ਸੂਰਬੀਰ ਸਰਦਾਰਨੇਆਪਨਾ ਅੰਤਮ ਸਮਾ ਨੇੜੇ ਜਾਣਿਆ,ਤੇਸਰਦਾਰਮਹਾਂਸਿੰਘਜੀਨੂੰਗੱਜਕੇ ਫ਼ਤਹ ਗਜਾਈ,ਤੇ ਆਪਨਾ ਸੁਵੇਰ ਦਾ ਪ੍ਰਣ ਪੂਰਾ ਕਰਨ ਵਾਸਤੇ ਆਪ ਬਿਜਲੀ ਦੀ ਕੜਕ ਵਾਂਗੂੰ ਗਾਜ਼ੀਆਂ ਪਠਾਨਾਂ ਵਿੱਚ ਜਾ ਧੱਸੇ,ਸਰਦਾਰ ਮਹਾਂਸਿੰਘਨੇ ਵੀ ਪਿਛੇ ਹਟਦੀ ਜਾਂਦੀ ਫੌਜ ਨੂੰ ਬਹੁਤ ਥੱਮਕੇ ਰੋਕਿਆ ਪਰ ਲੜਾਈ ਦੇ ਥਿੜਕੇ ਹੋਏ ਸਿਪਾਹੀ ਪੂਰੇ ੨ ਸਾਹਸ ਨਾਲ ਨ ਅੱਗੇ ਵਧ ਸਕੇ. ਹੁਣ ਸਰਦਾਰ ਜੀ ਨੇ ਗੱਜਕੇ ਸਬ ਸਿੰਘਾਂ ਨੂੰ ਏਹ ਗੁਰਵਾਕ ਸੁਨਾਯਾ "ਜੋ ਸੂਰਾ ਤਿਸ ਹੀ ਹੋਇ ਮਰਣਾ, ਜੋ ਭਾਗੈ ਤਿਸ ਜੂਨੀ ਫਿਰਣਾ" ਅਤੇ ਆਪਨਾ ਨੀਲਾ ਘੋੜਾ ਆਪਨੇ ਸੂਰਬੀਰਾਂ ਦੀ ਜਾਨ ਬਚਾਵਨ ਵਾਸਤੇ ਸਿੱਧਾ ਸ਼ਮਸਦੀਨ ਵੱਲ ਸੁਟਿਆ, ਭਾਵੇਂ ਲੜਾਈ ਤਲਵਾਰ ਦੀ ਸੀ ਤੇ ਫੌਜ ਗੁੱਥਮਗੁਥਾ ਹੋਰਹੀਸੀ ਤੇ ਉਸਕੀੜੀ ਦੱਲ ਵਿੱਚ ਅੱਗੇ ਜਾਨਾ ਬੜਾ ਕਠਨ ਸੀ, ਪਰ ਏਹ ਅਦੁੱਤੀ ਸੂਰਮਾ ਮਾਰਦਾ ਕੱਟਦਾ ਵਢਦਾ ਸ਼ਮਸਦੀਨ ਤਕ ਪਹੁੰਚ ਹੀ

ਗਿਆ, ਰਸਤੇ ਵਿੱਚ ਓਹ ਪੁਰਾਨਾ ਸੰਗੀ ਨੀਲਾ ਘੋੜਾ ਵੀ ਜ਼ਖਮੀ ਹੋ ਗਿਆ, ਤਾਂ ਸਰਦਾਰ ਜੋ ਝੱਟ ਦੂਸਰੇ ਅੜਦਲੀ ਦੇ ਘੋੜੇ ਤੇ ਬਦਲਕੇ ਉੱਚੀ ਸੁਰ ਨਾਲ ਸ਼ਮਸਦੀਨ ਨੂੰ ਇਸ ਤਰਾਂ ਕਹਿਕੇ ਵਿੰਗਾਰਿਆ ॥ਕਬਿੱਤ॥ ਬੋਲਯੋ ਬਹਾਦਰਸਰਦਾਰ ਸ਼ੇਰ ਨਾਦਰ ਪੰਥ ਖਾਲਸਾ ਬਿਰਾਦਰ ਰਹਿਓ ਸ਼ੋਭਿ ਸਮਸੂਰਕੋ। ਅਹੋ ਤੁਰਕ ਠਾਡੇ ਰਹੋ ਮਰਦ ਮੈਦਾਨ ਬੀਚ ਭਾਗਨਾ ਨ ਪੀਠ ਦੇਨੀ ਧਰਮ ਰਣ ਸੂਰਕੋ। ਦੇਖੋ ਹਾਥ ਖਾਲਸੇ ਕੇ ਕੁਰਲੋਂ ਸਮ ਫਾਲਸੇ ਕੇ ਭੇਟ ਸ੍ਰੀ ਸਾਹਿਬ ਹੂੰਕੀ ਕਰਹੌਂ ਤੁਧ ਮੂਰਕੋ। ਸਨਮੁਖ ਹੁਵੈ ਲਰੋ ਜੰਗ ਮੌਤ ਸੇ ਨ ਡਰੋ ਮੂੜ੍ਹਮਤ ਹੋਂਨ ਬਲਏ ਖੈਂ ਤੁਧ ਮੂਰਕੋ. ਸਰਦਾਰ ਜੀਦਾ ਇਸ ਨਿਰਭੈਯਤਾ ਨਾਲ ਸ਼ਮਸਦੀਨ ਨੂੰ ਵਿੰਗਾਰਨਾ ਸੁਣਕੇ ਥਿੜਕੀ ਹੋਈ ਫੌਜ ਨੇ ਵੀ ਪੈਰ ਸੰਭਾਲੇ ਤੇ ਜੁੱਟ ਕੇ ਘੋਰ ਲੜਾਈ ਕੀਤੀ.

ਸ਼ਮਸਦੀਨ ਨੇ ਵੀ ਪਠਾਨਾਂ ਨੂੰ ਵਿੰਗਾਰ ਕੇ ਤਾਨੇ ਮਾਰ ੨ ਕੇ ਸਾਮਣੇ ਆਂਦਾ ਤੇ ਹੁਕਮ ਦੇ ਦਿੱਤਾ ਕਿ ਜੋ ਪਠਾਨ ਪਿੱਠਦਸੇ ਸੋ ਕਤਲ ਕਰ ਦੇਵੇ, ਪਰ ਏਥੇ ਓਨ੍ਹਾਂ ਦੇ ਕਤਲ ਕਰਨ ਦੀ ਲੋੜ ਨ ਪਈ, ਖਾਲਸਈ ਤਲਵਾਰ ਨੇ ਪਠਾਨਾਂ ਦੀਆਂ ਜਹਾਦ ਦੀਆਂ ਕਸਮਾਂ ਸੁਗੰਧਾਂ ਤੋੜ ਦਿਤੀਆਂ, ਤੇ ਅਲੀ ਮਸਜਦ ਤਕ ਐਸੀ ਭਾਂਜ ਦਿੱਤੀ ਕਿ ਸ਼ਮਸਦੀਨ ਦੇ ਹਵਾਸ ਗੁੰਮ ਹੋ ਗਏ, ਅਤੇ ਸਿੰਘਾਂ ਦੀ ਫਤਹ ਦੀ ਨਿਸ਼ਾਨੀ ਪ੍ਰਗਟ ਹੋਣ ਲਗੀ.

ਸਰਦਾਰ ਜੀ ਵੀ ਹਰ ਪਾਸੇ ਘੋੜਾ ਲਿਜਾ ਕੇ ਸੂਰਬੀਰਾਂ ਦਾ ਹੌਸਲਾ ਵਧਾਉਂਦੇ ਤੇ ਕਹਿੰਦੇ ਕਿ ਸ਼ੇਰੋ ਬਹਾਦਰੋ ਭਬਕੋ ਤੇ ਵਧੋ! ਲੜਾਈ ਫ਼ਤਹ ਹੋ ਗਈ ਹੈ ਤੇ ਸ੍ਰੀ ਦਸਮੇਸ਼ਜੀਦਾ ਏਹ ਗੁਰਵਾਕ ਸੁਨਾਯਾ ॥ ਸਵੈਯਾ ॥ ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿੱਤ ਮੈ ਜੁੱਧ ਬਿਚਾਰੈ। ਦੇਹ ਅਨਿਤ ਨ ਨਿਤ ਰਹੈ

ਜਸ ਨਾਵ ਚੜ੍ਹੈ ਭਵਸਾਗਰ ਤਾਰੈ। ਧੀਰਜ ਧਾਮ ਬਨਾਇ ਇਹੈ ਤਨ ਬੁਧ ਸੁ ਦੀਪਕ ਜਿਉਂ ਉਜੀਆਰੈ । ਗਿਆਨਹਿ ਕੀ ਬਢਨੀ ਮਨੋ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ.

ਸ਼ਮਸਦੀਨ ਵੀ ਆਪਨੀ ਗਾਜ਼ੀਆਂ ਦੀ ਸੈਨਾਂ ਨੂੰ ਵਿੰਗਾਰ ਰਿਹਾ ਸੀ, ਪਰ ਸਰਦਾਰ ਹਰੀ ਸਿੰਘ ਜੀ ਨੇ ਤੱਕ ਕੇ ਉਸਨੂੰ ਪਹਿਲੀ ਹੀ ਗੋਲੀ ਦਾ ਨਿਸ਼ਾਨਾ ਬਨਾਯਾ, ਤੇ ਫੌਜ ਨੂੰ ਕਿਹਾ ਕਿ ਹੁਣ ਮੌਕਾ ਹੈ,ਮਰੋ ਯਾ ਮਾਰੋ ਪਰ ਦੇਵਨੇਤ ਮਾਰੋ ਦਾ ਲਫਜ਼ ਮੂੰਹ ਵਿਚੋਂ ਨਿਕਲਣਾ ਹੀ ਸੀ ਕਿ ਇੱਕ ਦਮ ਦੋ ਗੋਲੀਆਂ ਆਕੇ ਲਗੀਆਂ, ਇੱਕ ਤਾਂ ਸੈਜੇ ਵਿਨ੍ਹ ਕੇ ਧੁੰਨੀ ਦੇ ਪਾਸੋਂ ਪੇਟ ਚੀਰ ਗਈ, ਏਹ ਗੋਲੀ ਬੜੀ ਕਾਰੀ ਤੇ ਬੇ ਮੌਕਿਆ ਸੀ ਤੇ ਦੂਸਰੀ ਸੈਧੇ ਵਿੱਚ ਲਗੀ.

ਹੁਣ ਸਰਦਾਰ ਜੀ ਪੂਰੀ ਜੁਵਾਨੀ ਤੇ ਬਲ ਵਿੱਚ ਤਾਂ ਨਹੀਂ ਸੇ, ਦੂਸਰਾ ਕਮਜ਼ੋਰੀ ਦੇ ਕਾਰਨ ਆਪਨੇ ਘੋੜੇ ਤੇ ਸੁਵਾਰ ਨ ਰਹਿ ਸਕੇ, ਸੋ ਦੂਸਰੇ ਸੰਗੀਆਂ ਨੇ ਏਹ ਜ਼ਖਮ ਡੂੰਘਾ ਤੇ ਕਾਰੀ ਦੇਖਕੇ ਸਰਦਾਰ ਜੀ ਨੂੰ ਜਮਰੋਦ ਦੇ ਕਿਲੇ ਵਿੱਚ ਮੋੜ ਆਂਦਾ। ਪਠਾਨ ਵੀ ਅਫੜਾ ਤਫੜੀ ਵਿੱਚ ਆਪਨੇ ਬਹਾਦਰ ਅਫ਼ਸਰ ਸ਼ਮਸਦੀਨ ਨੂੰ ਲੜਾਈ ਦੀ ਭੇਟਾ ਦੇਕੇ ਪਿਛੇ ਹਟ ਗਏ.

ਸਰਦਾਰ ਜੀ ਨੇ ਜ਼ਖਮੀ ਹੁੰਦੇ ਹੀ ਸਰਦਾਰ ਮਹਾਂ ਸਿੰਘ ਜੀ ਨੂੰ ਕਮਾਨ ਦੇ ਦਿੱਤੀ ਤੇ ਹੁਕਮ ਦਿੱਤੇ (੧) ਏਸ ਲੜਾਈ ਵਿੱਚ ਵਿੱਤੋਂ ਵੱਧਕੇ ਦੇਸ਼ ਦੇ ਭਲੇ ਤੇ ਰਾਜ ਹਕ ਦੇਨ ਦਾ ਸਬੂਤ ਦੇਣਾ। (੨) ਜਦ ਤਕ ਲਾਹੌਰੋਂ ਫੌਜ ਨ ਆ ਜਾਵੇ ਤਦ ਤਕ ਸਾਡੇ ਚਲਾਣੇ ਦੀ ਖਬਰ ਨ ਪ੍ਰਗਟ ਕਰਨੀ.

ਏਹ ਹੁਕਮ ਦੇਕੇ ਸਰਦਾਰ ਜੀ ਆਪ ਸ੍ਰੀ ਜਪੁਜੀ ਸਾਹਿਬ ਜੀਦਾ ਪਾਠ ਕਰਨ ਲਗ ਪਏ। ਪਲੋ ਪਲੀ ਵਿੱਚ ਅੰਤਲੇ ਸਾਹ

ਆਉਣ ਲਗ ਗਏ। ਸਿੰਘਾਂ ਨੇ ਬਹੁਤੇਰੇ ਜ਼ਖਮ ਸਾਫ ਕਰਕੇ ਸੀਤੇ, ਪਰ ਸੰਜੋ ਗੋਲੀ ਦੇ ਜ਼ੋਰ ਨਾਲ ਆਂਦ੍ਰਾਂ ਵਿੱਚ ਵੜ ਗਈ ਸੀ, ਕੱਢਣ ਦੇ ਅਨੇਕ ਯਤਨ ਕੀਤੇ ਪਰ ਵਧੀ ਦੇ ਸਬ ਦਾਰੂ ਹਨ। ਹੁਣ ਓਹ ਸੂਰਮਾ ਸਿੰਘ ਜੋ ਪਠਾਨਾਂ ਦਾ ਹਊਆ ਤੇ ਲਾਹੌਰ ਦਰਬਾਰ ਦੀ ਹਦ ਬੰਦੀ ਕਰਨ ਵਾਲਾ ਸੀ, ਅਤੇ ਸ਼ੇਰ ਪੰਜਾਬ ਮਹਾਰਾਜਾ ਰੰਜੀਤ ਸਿੰਘ ਜੀ ਦੀ ਫੌਜ ਦਾ ਕਮਾਂਡਰ ਇਨਚੀਫ,ਤੇ ਪਿਸ਼ਾਵਰ ਤੇ ਇਲਾਕਾ ਹਜ਼ਾਰਾ ਦਾ ਗਵਰਨਰ ਸੀ ੧੯ ਵੈਸਾਖ ਸੰ: ੧੮੯੪ ਬਿ: ਨੂੰ ਛਨਿਛਰ ਵਾਰ ਇਕਾਦਸ਼ੀ ਵਾਲੇ ਦਿਨ ਮੁਤਾਬਕ ੩੦ ਅਪ੍ਰੈਲ ੧੮੩੭ ਈ: ਤੇ ਸ਼ੁਭ ਸੰਮਤ ੩੬੭ ਨਾਨਕ ਸ਼ਾਹੀ ਨੂੰ ਇਸ ਸੰਸਾਰ ਤੋਂ ਦੇਸ਼ ਦੇ ਭਲੇ ਤੇ ਕਾਬਲੀ ਪਠਾਨਾਂ ਤੋਂ ਭਾਰਤ ਸੰਤਾਨ ਨੂੰ ਬਚਾਉਂਦਾ ੨ ਕੁਰਬਾਨ ਹੋਕੇ ਗੁਰਪੁਰੀ ਨੂੰ ਸਿਧਾਰ ਗਿਆ.

"ਅਹੋਮਿਤ੍ਰੋ ਕਾਲਕਰਾਲ ਭਾਰਾ ਮਾਰੇਪੀਰਫਕੀਰ ਅਵਤਾਰ ਜਿਸਨੇ। ਵਲੀ ਔਲੀਏ ਅੰਬੀਏ ਖ਼ਾਕ ਮੇਲੇ ਬ੍ਰਹਮਾ ਬਿਸ਼ਨ ਸ਼ਿਵ ਕੀਤੇ ਹਨ ਪਾਰ ਜਿਸਨੇ। ਧੰਧਾ ਕਾਲ ਦੇ ਬੰਧਨ ਜਗਤ ਸਾਰਾ ਨਹੀਂ ਛੋੜਿਆ ਕੋਈ ਸੰਸਾਰ ਇਸਨੇ। ਧਰਮ ਧਾਰਕੇ ਮਾਰਕੇ ਦੁਸ਼ਮਨਾਂ ਨੂੰ ਦੀਨ ਰੱਛਕ ਵੀ ਕੀਏ ਅਹਾਰ ਜਿਸਨੇ ॥ ੧ ॥ ਜਗਤ ਰਚਨ ਤੋਂ ਪ੍ਰਥਮ ਸੀ ਕਾਲ ਰਚਿਆ ਰੂੰਜੇ ਸਭਦੇ ਸਿਰ ਤੇ ਕਾਲ ਯਾਰੋ। ਪਰ ਹੈ ਧਰਮੀਆਂ ਜਿਨ੍ਹਾਂ ਦੀ ਲੋੜ ਏਥੇ ਓਨਾਂ ਅੱਗੇ ਵੀ ਜਲਦ ਹੈ ਭਾਲ ਯਾਰੋ। ਦਿਲ ਖੋਲਨਤੇ ਬੋਲਨ ਨੂੰ ਬੋਲ ਸੱਚੇ ਅਸਾਂ ਪਾਪੀਆਂ ਕਰਨੀ ਨਿਹਾਲ ਯਾਰੋ। ਸੱਤ ਲਿਖਨ ਤੇ ਦੂਰ ਹਿਤ ਦੁਸ਼ਟ ਪੁਰਸ਼ਾਂ ਨਹੀਂ ਜਿੰਦਗੀ ਦੇਂਵਦੀ ਭਾਲ ਯਾਰੋ ॥ ੨ ॥ ਤਿਵੇਂ ਬੀਰਰਸ ਰੱਤ ਸਰਦਾਰ ਤਾਂਈ ਸ਼ੇਰ ਸੂਰਮਾਂ ਜਦੋਂ ਲਲਕਾਰ ਰਹਿਆ।

ਕਹੇ ਫੌਜ ਨੂੰ ਸ਼ੇਰੋ ਸ਼ਹੀਦ ਹੋਵੇ ਲਵੋ ਜਸ ਤੇ ਮੁਕਤ ਪੁਕਾਰ ਰਹਿਆ। ਮਾਰੋ ਮਾਰੋ ਹੀ ਕੂਕਦਾ ਰੇਹ ਭਰਿਆ ਪਰ ਸੀਸ ਤੇ ਕਾਲ ਤਦ ਮਾਰ ਰਹਿਆ। ਮਾਰੋਮਾਰ ਕਰਦੇ ਗੋਲੀ ਇੱਕ ਲੱਗੀ ਦੂਜੀ ਨਾਲ ਹੀ ਕਾਲ ਉਲਾਰ ਰਹਿਆ॥ ੩ ॥ ਉਧਰ ਬੜਾ ਸਰਦਾਰ ਪਠਾਨ ਲੋਕਾਂ ਹੋਇਆ ਕਾਲ ਕਰਾਲ ਦੀ ਭੇਟ ਭਾਈਓ। ਅਫੜਾ ਤਫੜੀ ਵਿੱਚ ਪਏ ਪਠਾਨ ਸਾ ਲੱਗੇ ਦੇਖਨੇ ਹੇਠੀ ਹੀ ਹੇਠ ਭਾਈਓ। ਆਖਰ ਕਾਇਰਤਾ ਧਾਰ ਮਨ ਹਟ ਪਿੱਛੇ ਹੁੰਦੇ ਦੇਖ ਸ਼ਮਸ਼ੇਰ ਦੀ ਚੀਰ ਭਾਈਓ। ਕਲਮ ਲਿਖੇ ਤੇ ਬਾਣੀ ਨ ਕਹਿ ਸਕੇ ਜੋ ਸੀ ਸ਼ੇਰ ਸਰਦਾਰ ਦੀ ਧੀਰ ਭਾਈਓ ॥ ੪ ॥ ਦੋਹਾਂ ਗੋਲੀਆਂ ਬਹੁਤ ਬੇਤਾਬ ਕੀਤਾ ਨਾਭੀ ਮੇਦੇ ਵਿੱਚ ਜਿਨਾਂ ਸੀ ਵਾਸ ਪਿਆਰੇ। ਵਿੱਚ ਕਿਲੇ ਤਦ ਮੋੜਲਿਆ ਏ ਭਾਈ ਜ਼ਖ਼ਮ ਸਾਫ ਕਰ ਸੀਂਵਦੇ ਆਣ ਪਿਆਰੇ। ਪਰ ਨਾਂ ਕਾਲ ਦਾ ਕੋਈ ਉਪਾਵ ਬਣਦਾ ਦਾਰੂ ਵਧੀਦੇ ਸਭ ਲਓ ਜਾਂਣ ਪਿਆਰੇ। ਸ੍ਵਾਸ ਅੰਤਦੇ ਆਂਣ ਪ੍ਰਕਾਸ਼ ਹੋਏ ਦਿੱਤਾ ਸੂਰਮਾਂ ਜੀਵ ਬਿਨ ਤਾਣ ਪਿਆਰੇ॥ ੫ ॥ ਹਾਏ ਹਊਆ ਪਠਾਣਾਂ ਦਾ ਸ਼ੇਰ ਭਾਰੀ ਦੀਂਨ ਦੁਖੀ ਤੇ ਦੇਸ਼ ਦਾ ਹਿਤੂ ਪਿਆਰਾ। ਸੂਰਮਤਾਈ ਤੇ ਨੀਤੀ ਦਾ ਪੁੰਜ ਭਾਰੀ ਬਿਨਾਂ ਲਾਗ ਲਪੇਟ ਦੇ ਸਰਬ ਪਿਆਰਾ। ਮਹਾਰਾਜ ਜੀ ਸ਼ੇਰ ਪੰਜਾਬ ਜੇਹੀ ਦਾਹਿਨੀ ਭੁਜਾ ਜੋ ਉਨ੍ਹਾਂ ਦਾ ਅੱਤ ਪਿਆਰਾ। ਬੀਰ ਰਸ ਦਾ ਬੇਹਾਥ ਪਰਵਾਹ ਯਾਰੋ ਹੋਇਆ ਕਾਲਦੀ ਭੇਟ ਓਹ ਪੰਥ ਪਿਆਰਾ॥ ੬ ॥ ਸ਼ਨੀਵਾਰ ਤੇ ਉੱਨੀ ਵੈਸਾਖ ਦੀ ਨੂੰ ਸੰਮਤ ਵੇਦ (੪) ਗ੍ਰਹਿ (੯) ਨਾਗ (੮) ਅਕਾਲ਼ (੧) ਸੱਚਾ। ਤੀਹ ਅਪਰੈਲ ਸੰਨ ਅਠਾਰਾਂ ਸੌ ਜਾਣ ਸੈਂਤੀ ਏਹ ਅਸਾਰ ਸੰਸਾਰ ਜੋ ਅਹੈ ਕੱਚਾ। ਗੁਣ ਆਪਣੇ ਨਾਲ ਲਪੇਟ

ਕਰਕੇ ਜਾਣੇ ਜਾਸਨੂੰ ਜਗਤ ਜੋ ਬਾਲਬੱਚਾ। ਭਇਆ ਚੱਲਦਾ ਆਪ ਸੰਸਾਰ ਉਤੋਂ ਜਸ ਆਦਿ ਸਵ ਸਰਬ ਥਾਂ ਜਾਂਹਿ ਰੱਚਾ.
ਕਬਿੱਤ–ਜਾਂਕੋ ਸੁਨ ਨਾਂਮ, ਔ ਬਹਾਦਰੀ ਕੇ ਕਾਂਮ ਦੇਖ, ਨੀਤ ਪ੍ਰੀਤ ਸ਼ਾਮ, ਸਭੀ ਮੁਗਲ਼ ਥਹਰਾਯ ਜਾਤ। ਧਜਾਵਤੇ ਜਿਯਾ ਤੇ, ਜੋਊ ਬੀਰ ਸੁਨ ਪਾਤੇ, ਉਪਮਾ ਦੁਸ਼ਮਨ ਵੀ ਗਾਤੇ ਦੇਖ ਸੁੱਧ ਵਿਸਰਾਯ ਜਾਤ। ਦਸਮ ਗੁਰੂਜੀ ਪਿਆਰੇ,ਬੀਰ ਰਸਕੇ ਸੰਵਾਰੇ, ਸੱਤ ਧਰਮ ਰਖਵਾਰੇ, ਕਰੁਣਾ ਰਸ ਵਰਸਾਯ ਜਾਤ। ਗਏ ਜਗਤ ਹੂੰਕੋ ਛੋੜ ਏਸ ਠੀਕਰੇ ਕੋ ਫੋੜ, ਮਹਾਰਾਜ ਹ੍ਰਿਦਤੋੜ* ਹਰੀ ਹਰਿ † ਪਦ ਪਾਯ ਜਾਤ ॥ ੯ ॥

ਸ਼ੋਕ ! ਮਹਾਂ ਸ਼ੋਕ !! ਹਨੇਰਾ ਛਾ ਗਿਆ ! ਭੂਚਾਲ ਨੇ ਜ਼ਮੀਨ ਨੂੰ ਕੰਬਾ ਦਿੱਤਾ, ਹਨੇਰੀ ਨੇ ਦਿਨ ਦਿਹਾੜੇ ਰਾਤ ਪਾ ਦਿੱਤੀ, ਹੇ ਪਰਮਾਤਮਾ ਅਕਾਲਪੁਰਖ ਜੀ ਆਪ ਦੀ ਕੈਸੀ ਅਸ਼ਚਰਜ ਲੀਲ੍ਹਾ ਹੈ "ਨਰਚਾਹਤਕੁਛਅਉਰਅਉਰੈਕੀਅਉਰੇ ਭਈ".ਹੇ ਜਗਤ ਪਾਲਕ ਕਰਤਾ ਹਰਤਾ ਜੀ ਆਪ ਦਾ ਭਾਣਾ ਅਮਿਟ ਤੇ ਕੁਦਰਤ ਬੇਅੰਤ ਤੇ ਬਿਸਮਾਦ ਹੈ। ਕੁਛਸਮਝ ਨਹੀਂ ਆਂਵਦੀ, ਸਚਮੁਚ ਜਿਨਾਂ ਭਲੇ ਪੁਰਸ਼ਾਂ ਦੀ ਏਸ ਲੋਕ ਵਿੱਚ ਬਹੁਤ ਲੋੜ ਹੈ ਪਰਲੋਕ ਵਿੱਚ ਵੀ ਓਨਾਂ ਦੀ ਵਧ ਲੋੜ ਪੈ ਰਹੀ ਹੈ। ਹੇ ਮੌਤ ! ਤੇਰਾ ਜ਼ੋਰ ਵੀ ਬਹੁਤ ਧਰਮਾਤਮਾਂ ਤੇ ਦੇਸ ਹਿਤਕਾਰੀ ਪੁਰਸ਼ਾਂ ਪਰ ਹੀ ਪੈਂਦਾ ਹੈ । ਬੁਰੇ ਪੁਰਸ਼ ਨੂੰ ਤੂੰ ਵੀ ਝਿਜਕ ਕੇ ਹੱਥ ਪਾਉਂਦੀ ਤੇ ਅਹਾਰ ਬਨਾਉਂਦੀਹੈ,ਤੂੰਧਰਮਾਤਮਾ

---

*ਸ਼ੇਰ ਬਹਾਦਰ ਮਹਾਰਾਜਾ ਰਣਜੀਤਸਿੰਘ ਜੀ ਨੂੰ ਦਿਲਗੀਰ ਕਰਗਏ † (ਸਰਦਾਰ) ਹਰੀਸਿੰਘ (ਜੀ)ਮੁਕਤੀ ਨੂੰ ਪ੍ਰਾਪਤ ਹੋ ਗਏ.

ਪੁਰਸ਼ਾਂ ਨੂੰ ਇਤਨਾ ਸਮਾਂ ਤਾਂ ਦਿੱਤਾ ਕਰ ਕਿ ਓਹ ਆਪਨੀ ਇਛਾਨੁਸਾਰ ਆਪਨੀ ਡਿਊਟੀ ਪੂਰੀ ਕਰ ਲਿਆ ਕਰਨ, ਨਹੀਂ ਨਹੀਂ ਅਸੀ ਭੁੱਲਦੇ ਹਾਂ ਤੇਰਾ ਕੀ ਜ਼ੋਰ ਹੈ ? ਤੂੰ ਤਾਂ ਹੁਕਮ ਵਿੱਚ ਬਧੇ ਹੋਏ ਕੰਮ ਕਰਨਾ ਹੈ "ਰਾਈ ਵਧੇ ਨ ਤਿਲ ਘਟੇ ਜੋ ਲਿਖਿਆ ਕਰਤਾਰ" "ਮਰਨ ਨ ਮੂਰਤ ਪੁਛਿਆ ਪੁਛੀ ਥਿਤ ਨ ਵਾਰ" "ਭਾਈ ਰੇ ਇਉ ਸਿਰ ਜਾਣਹੁ ਕਾਲ। ਜਿਉਂ ਮਛਲੀ ਤਿਉਂ ਮਾਨਸਾ ਪਵੈ ਅਚਿੰਤਾ ਜਾਲ" ॥

ਹੇ ਮੌਤ ! ਤੂੰ ਆਪਣਾ ਕੰਮ ਕਰ ਚੁਕੀ ਤੇ ਖਾਲਸਾ ਕੌਮ ਦੇ ਇਕ ਚਮਕਦੇ ਹੀਰੇ ਅਦੁੱਤੀ ਤਾਰੇ ਨੂੰ ਮਧਜ਼ਮ ਕਰ ਦਿੱਤਾ.

ਏਕ ਅੰਧਕਾਰ ਤਾਂ ਛਾ ਹੀ ਗਿਆਸੀ ਲਿੱਖਣ ਲਿਖ ਨਹੀਂ ਸਕਦੀ, ਜ਼ਬਾਨ ਕਹਿ ਨਹੀਂ ਸਕਦੀ ਕਿ ਕੀ ਕੀ ਸੰਕਟ ਓਨ੍ਹਾਂ ਕਿਲ੍ਹੇ ਵਾਲੇ ਸਿਦਕੀ ਜੀਉਂਦੇ ਸ਼ਹੀਦ ਸਿੰਘਾਂ ਨੇ ਪਿੱਛੇ ਸਹਾਰੇ?

ਇਸ ਵਕਤ ਸਰਦਾਰ ਮਹਾਂਸਿੰਘ ਜੀ ਨੇ ਸਰਦਾਰ ਹਰੀਸਿੰਘ ਜੀ ਦੀ ਲੋਥ ਉਸੇ ਵੇਲੇ ਘੀ ਆਦਿਕਸੁਗੰਧਿਤਚੀਜ਼ਾਂ ਵਿੱਚ ਪਾਕੇ ਇਕ ਤੰਬੂ ਦੇ ਅੰਦਰ ਰਖ ਦਿੱਤੀ, ਤੇ ਏਹ ਦੁਖ ਦਾਇਕ ਰਪੋਟ ਡਾਕ ਦੀ ਰਾਹੀਂ ਫੌਰਨ ਲਾਹੌਰ ਭੇਜ ਦਿੱਤੀ, ਅਤੇ ਆਪ ਤੰਬੂ ਦੇ ਗਿਰਦ ਇਕ ਗਾਰਦ ਲਾ ਦਿੱਤੀ ਅਤੇ ਸਿਰਫ ਦੋ ਤਿੰਨ ਇਤਬਾਰੀ ਆਦਮੀ ਹੀ ਅੰਦਰ ਆਉਣਦੇਂਦੇ.

ਲਾਂਗਰੀ ਦਿਆਲਸਿੰਘ ਰੋਜ਼ ਥਾਲ ਵਿੱਚ ਪ੍ਰਸਾਦਿ ਪਾ ਕੇ ਅੰਦਰ ਲੈ ਜਾਂਦਾ, ਬਾਹਿਰ ਕਹਿ ਛਡਦੇ ਕਿ ਅਜ ਸਰਦਾਰ ਜੀ ਨੂੰ ਕੁਛ ਆਰਾਮ ਹੈ ਤੇ ਕੁਛ ਤਰੀ ਛਕੀ ਹੈ.

ਤੀਸਰੇ ਦਿਨ ਗੁਲਾਬਸਿੰਘਨਾਮੇ ਇਕ ਸਰਦਾਰ ਜੋ ਜ਼ਖਮੀ ਸੀ ਗੁਰਪੁਰ ਸਿਧਾਰਿਆ, ਤਾਂ ਸਰਦਾਰ ਮਹਾਂਸਿੰਘਜੀ ਨੇ ਮੌਕਾ ਪਾਕੇ ਸਰਦਾਰ ਹਰੀਸਿੰਘ ਜੀ ਦੀ ਲੋਥ ਨੂੰ ਵੀ ਬੜੇ ਆਦਰ

ਸਨਮਾਨ ਨਾਲ ਨਾਲ ਸਸਕਾਰ ਦਿੱਤਾ। ਅਤੇ ਆਪ ਕਿਲੇ ਦੀ ਹਿਫ਼ਾਜ਼ਤ ਵਾਸਤੇ ਓਨਾਂ ਜੁਸ਼ੀਲੇ ਪਠਾਨਾਂ ਨੂੰ ਜੈਸੀ ਕਰਨੀ ਵੈਸੀ ਭਰਨੀ ਦਾ ਫਲ ਚਖਾਉਨ ਲਈ ਤਤਪਰ ਰਹੇ.

ਇਸ ਸੁਚੇਤ ਸੂਰਮੇ ਨੇ ਸਰਦਾਰ ਜੀ ਦੇ ਚਲਾਣੇ ਦੀ ਸੂਹ ਤਕ ਨ ਕੱਢੀ। ਇਧਰ ਪਠਾਨਾਂ ਨੂੰ ਵੀ ਕੁਝ ਘਟ ਨੁਕਸਾਨ ਨਹੀਂ ਸੀ ਪਹੁੰਚਾ, ਸੋ ਦੋਹਾਂ ਤਰਫਾਂ ਵਿੱਚੋਂ ਕਿਸੇ ਨੇ ਹੋਰ ਵਾਧਾ ਨ ਕੀਤਾ.

ਸਰਦਾਰ ਹਰੀਸਿੰਘ ਜੀ ਦੀ ਸ਼ਹੀਦੀ ਦੀ ਰਪੋਟ ਲਾਹੌਰ ਪਹੁੰਚਨੀ. (੭੬)

ਹੇ ਸੂਰਜ ਤੂੰ ਤਪ ੨ ਕੇ ਲਾਲ ਹੋਣ ਵਾਸਤੇ ਆਪਨੇ ਟੀਚੇ ਤੇ ਰੋਜ਼ ਹੀ ਚੜ ਪੈਂਦਾ ਹੈ; ਕਿਉਂ ਤੈਨੂੰ ਚੰਦ੍ਰਮਾਂ ਦੀ ਚਾਨਣੀ ਤੇ ਸੀਤਲ ਰਾਤ ਚੰਗੀ ਨਹੀਂ ਲਗਦੀ, ਅਤੇ ਸੰਸਾਰੀਆਂ ਨੂੰ ਨੀਂਦ੍ ਦੇ ਸੁਖ ਤੇ ਜਗਾਸੂਆਂ ਪਰਮਾਰਥੀਆਂ ਨੂੰ ਈਸ਼੍ਵਰ ਪ੍ਰਾਇਣ ਹੋਕੇ ਭਜਨ ਸਿਮਰਨ ਵਲੋਂ ਖਿਚਦਾ ਹੈ ? ਮਜ਼ਦੂਰ ਕਰਿੰਦੇ ਥੱਕੇ ਟੁਟੇ ਸੌਣਾ ਲੋਚਦੇ ਹਨ ਪਰ ਤੇਰੇ ਤੀਖਣ ਬਾਨ ਆਰਾਮ ਨੂੰ ਵਿੰਨਣ ਵਾਸਤੇ ਹੀ ਬਣੇ ਹਨ.

ਹੁਨ ਸੂਰਜ ਵੀ ਚੜ੍ਹ ਆਯਾ, ਮਹਾਰਾਜਾ ਰੰਜੀਤ ਸਿੰਘ ਜੀ ਵੀ ਚੰਦਨ ਦੀ ਚੌਕੀ ਤੇ ਬੈਠ ਹੋਏ ਆਨੰਦ ਨਾਲ ਦਾਤਨ ਕਰ ਰਹੇ ਹਨ, ਗੜਵਈ ਸੁਨਹਿਰੀ ਗੜਵਾ ਲਈ ਹਾਜਰ ਹੈ ਸਦਾ ਦੇ ਮੂੰਹ ਚੜ੍ਹੇ ਪਹਾੜੀਏ ਵਜ਼ੀਰ ਰਾਜਾ ਧਿਆਨ ਸਿੰਘ ਤੇ ਡਿਉੜੀ ਬਰਦਾਰ (ਮਿਸ਼ਰ) ਜਮਾਂਦਾਰ ਖੁਸ਼ਾਲ ਸਿੰਘ, ਰਾਜਾ ਸੁਚੇਤ ਸਿੰਘ ਆਦਿਕ ਪਾਸ ਬੈਠੇ ਹਨ, ਫਕੀਰ ਅਜ਼ੀਜ਼ਦੀਨ ਵੀ ਪਾਸ ਬੈਠਾ ਸੀ, ਇਸ ਆਨੰਦ ਵਿੱਚ ਗੱਲਾਂ ਬਾਤਾਂ ਹੋ ਰਹੀਆਂ ਸੀ, ਧੜੇ ਬੰਦੀ ਤਾਂ ਸੀ ਹੀ, (ਮਾਲੂਮ ਹੁੰਦਾ ਹੈ ਕਿ

ਇਸ ਫੁੱਟ ਦਾ ਮੂਲ ਬੀਜ ਏਨਾਂ ਮਹਾਤਮਾਂ ਵਜ਼ੀਰਾਂ ਦੀ ਹੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਬੀਜਿਆ ਗਿਆ ਸੀ) ਉਸ ਵੇਲੇ ਹਰ ਇੱਕ ਆਪਣੀ ਵਧੀਕੀ ਹੀ ਚਾਹੁੰਦਾ.

ਇਤਫਾਕਨ ਸਰਦਾਰ ਹਰੀ ਸਿੰਘ ਜੀ ਦੇ ਕਾਰਨਾਮਿਆਂ ਦਾ ਹਾਲ ਆਪ ਮਹਾਰਾਜ ਜੀ ਨੇ ਛੇੜਿਆ, ਕਿਉਂਕਿ ਇਸ ਬਹਾਦਰ ਸੂਰਮੇ ਦੀਆਂ ਅਥੱਕ ਖਿਦਮਤਾਂ ਨੇ ਮਹਾਰਾਜੇ ਦੇ ਦਿਲ ਵਿੱਚ ਘਰ ਕੀਤਾ ਹੋਯਾ ਸੀ.

ਏਹ ਪਹਾੜੀਏ ਵਜ਼ੀਰ ਤੇ ਮਿਸ਼ਰ ਡਿਉੜੀ ਬਰਦਾਰ ਆਦਿਕ ਏਹ ਗਲਾਂ ਸੁਣਦੇ ਤਾਂ ਸੀ ਪਰ ਅੰਦ੍ਰੋਂ ਅੰਦ੍ਰ ਖਿਝਦੇ ਤੇ ਈਰਖਾ ਦ੍ਵੈਖ ਦੇ ਭਠ ਵਿੱਚ ਭੁਜ ਰਹੇਸੀ, ਪਰ ਉਤੋਂ ਮਹਾਰਾਜ ਦਾ ਰੁਖ ਦੇਖਕੇ ਹਾਂ ਵਿੱਚ ਹਾਂ ਮਿਲਾ ਰਹੇ ਸੀ.

ਅਜੇ ਏਹ ਬਾਰਤਾ ਹੋ ਹੀ ਰਹੀ ਸੀ, ਕਿ ਸੁਵਾਰ ਨੇ ਫਤਹ ਆ ਗਜਾਈ ਤੇ ਸਰਦਾਰ ਹਰੀਸਿੰਘ ਜੀਦੀ ਸ਼ਹੀਦੀ ਦੀ ਰਪੋਟ ਵਾਲਾ ਲਿਫਾਫਾ ਮਹਾਰਾਜ ਨੂੰ ਦੇ ਦਿੱਤਾ, ਲਿਫਾਫੇ ਵਿੱਚੋਂ ਇਕ ਕਸ਼ਮੀਰੀ ਨੀਲੇ ਰੰਗਾਂ ਦਾ ਕਾਗਜ਼ ਨਿਕਲਿਆ, ਜਿਸਦੀ ਸਿਆਹੀ ਵੀ ਹੰਝੂ ਡੁਲ ੨ ਕੇ ਮੱਧਮ ਹੋਈ੨ ਸੀ, ਮਸਾਂ ਕਿਵੇਂ ਫਕੀਰ ਜੀ ਨੇ ਪੜ੍ਹਿਆ, ਗਲ ਮੂੰਹੋਂ ਨ ਨਿਕਲੀ ਤੇ ਹੰਝੂਆਂ ਦੀ ਕਤਾਰ ਬੱਝ ਗਈ, ਡਕੋਡੋਲੇ ਤੇ ਹਟਕੋਰੇ ਖਾਧੇ ਸੰਘ ਰੁਕ ਗਿਆ, ਏਹ ਦੇਖਕੇ ਸੁਵਾਰ ਨੇ ਵੀ ਆਪਣਾ ਹ੍ਰਿਦਯ ਫਾੜਕ ਪੈਗਾਮ ਜ਼ਬਾਨੀ ਇਸ ਤਰਾਂ ਕਿਹਾ.

ਮਹਾਰਾਜ ਜੀ! ਪਰਸੋਂ ਸਰਦਾਰ ਹਰੀਸਿੰਘ ਜੀ ਆਪਦੀ ਫੌਜ ਨੂੰ ਉਡੀਕ ੨ ਕੇ, ਦੇਸ਼ ਦੇ ਭਲੇ ਤੇ ਆਪ ਦਾ ਰਾਜ ਹੱਕ ਦੇਂਦੇ ਹੋਏ ਸ਼ਹੀਦ ਹੋਗਏ ਹਨ, ਅਨਗਿਣਤ ਗਾਜ਼ੀਆਂ ਦੀ ਫੌਜ ਨੇ ਕਿਲੇ ਜਮਰੋਦ ਨੂੰ ਹਰ ਪਾਸਿਓਂ ਘੇਰਾ ਪਾਯਾ ਹੋਯਾ ਹੈ

ਤੇ ਰਸਦ ਮੁਕ ਗਈ ਹੈ, ਜ਼ਖਮੀ ਪਾਣੀ ਖੁਣੋਂ ਪਿਆਸੇ ਤੜਫ ਰਹੇ ਹਨ,ਪਰ ਮੂੰਹ ਨਹੀਂ ਮੋੜਦੇ,ਆਪਸ ਵਿੱਚ ਕਹਿੰਦੇ ਹਨ ਕਿ ਸਿੰਘ ਹੋਕੇ ਮੂੰਹ ਪਿਛੇ ਕੀ ਮੋੜਨਾ? ਮਰਨਾਹੈ ਯਾ ਮਾਰਨਾ ਹੈ,ਏਹ ਕਿਲਾ ਪਠਾਨਾਂ ਦੀ ਲੁੱਟ ਮਾਰਦੀ ਰੋਕ ਵਾਸਤੇ ਨਾਕੇ ਤੇ ਸਾਡੇ ਪ੍ਰਿਅਵਰ ਬਹਾਦਰ ਸਰਦਾਰ ਹਰੀਸਿੰਘਜੀਨੇ ਬਨਾਯਾ ਹੈ,ਜਿਸਨੂੰ ਪ੍ਰਿਥੀਚੰਦ ਜੈਸੇ ਰਾਜਪੂਤ ਨਿਸ਼ਾਨਚੀ ਛਤ੍ਰੀ ਰਾਜੇ, ਰਾਜਾ ਜੈਪਾਲ ਆਦਿਕ ਮਸ਼ਹੂਰ ਰਾਜਪੂਤ ਨ ਬਨਾ ਸਕੇ, ਤੇ ਆਪਨੀ ਕਾਇਰਤਾ ਯਾ ਫੁੱਟ ਦੇ ਕਾਰਣ ਇਸ ਭਾਰਥ ਭੂਮੀਤੇ ਓਹ ਪਾਪੀ ਰਾਜ ਆਂਦਾ, ਕਿ ਜਿਸ ਵਿੱਚ ਕ੍ਰਿਸੇ ਹਿੰਦੂ ਨੂੰ ਜਪ ਤਪ ਭਜਨ ਆਦਿਕ ਨਹੀਂ ਸੀ ਕਰਨਾਂਮਿਲਦਾ,ਹਿੰਦੂਆਂਦੀਆਂ ਨੂੰਹਾਂ ਧੀਆਂ ਬਦੋਬਦੀ ਖੋਹੀਆਂ ਜਾਂਦੀਆਂ ਸਨ, ਜਜ਼ੀਆ ਟੈਕਸ ਲਗਾ, ਜ਼ਬਰਦਸਤੀ ਕਤਲਾਮਾਂ ਹੋਈਆਂ, ਅਨੇਕਾਂ ਬਿਲ ਬਿਲਾਂਉਂਦੇ ਮਾਸੂਮ ਬਚੇ ਤੇ ਇਸਤ੍ਰੀਆਂ ਨੂੰ ਤਸਦੀਏ ਦੇ ੨ ਕੇ ਕਤਲ ਕੀਤਾ, ਬਲਕਿ ਹਿੰਦੂਆਂ ਦੇ ਪੂਜਨੀਕ ਮੰਦ੍ਰਾਂ ਨੂੰ ਤੋੜ ੨ ਕੇ ਮਸੀਤਾਂ ਬਨਾ ਦਿੱਤੀਆਂ,ਬਹੁਤਾ ਕੀ ਦਸਾਂ ਸਿੰਘ ਹੁਨ ਆਪਨੇ ਸਚੇ ਹਠ ਵਿੱਚ ਪੂਰੇ ਹਨ,ਤੇ ਦੇਸ਼ ਦੇ ਭਲੇ ਤੇ ਆਪ ਦਾ ਰਾਜ ਹਕ ਦੇਣ ਵਾਸਤੇ ਅਖੀਰ ਦਮ ਤਕ ਇਕ ੨ ਵੀ ਓਥੇ ਲੜਕੇ ਸ਼ਹੀਦ ਹੋਨਾ ਚਾਹੁੰਦਾ ਹੈ, ਪਰ ਆਪਣੇ ਪਿਆਰੇ ਕਮਾਂਡਰ ਇਨਚੀਫ "ਸਰਦਾਰ ਹਰੀਸਿੰਘ ਜੀ" ਦੀ ਯਾਦਗਾਰ ਦੇ ਕਿਲੇ ਨੂੰ ਜੀਉਂਦੇ ਜੀ ਓਨਾਂ ਪਠਾਨਾਂ (ਜਿਨ੍ਹਾਂ ਨੇ ਮਿਟੀ ਢੋ ੨ਕੇ ਇਸਨੂੰਬਨਾਯਾਹੈ)ਦੇ ਹੱਥ ਨਹੀਂਦੇਖਨਾਚਾਹੁੰਦੇ.

ਸਰਦਾਰ ਜੀ ਨੇ ਅਪਨਾ ਬਚਨ "ਤਖਤ ਯਾਂ ਤਖਤਾ" ਕਹਿਣੀ ਤੇ ਕਰਨੀ ਠੀਕ ਨਿਬਾਹ ਦਿਤਾ ਹੈ, ਕਥਨ ਹੈਃ--

ਦੋਹਰਾ—"ਸਿੰਧੁ ਚਲੈ ਮ੍ਰਿਯਾਦ ਤਜ ਉਲਟੈ ਅਵਨਿ ਅਨੰਤ। ਬੋਲਿਓ ਬੋਲ ਸੁਬੀਰ ਕੋ ਸੋ ਨਹਿ ਬਹੁਰ ਚਲੰਤ."

ਸ੍ਵੈਯਾ—"ਚਲੈ ਸ਼ੇਸ਼ ਡੋਲੈ ਮਹੀ ਮੇਰੂ ਹੱਲੈ, ਮਹਾਂਰੁਦ੍ਰ ਸੋ ਤੀਸਰੋ ਨੈਂਨ ਖੋਲੈ। ਚਹੂ ਓਰ ਤੋਪੈਂ ਚਲੈਂ ਬਾਨ ਛੂਟੈਂ, ਝਕਾ ਝੋਰ ਸ਼ਮਸੇਰ ਕੀ ਮਾਰ ਬੋਲੈ। ਉਠੈਂ ਰੂੰਡ ਭੂਮੈਂ ਪਰੇ ਮੁੰਡ ਲੇਟੈਂ, ਭਰੇ ਕੁੰਡ ਲੋਹੂ ਬਹੈ ਬੀਰ ਡੋਲੈ। ਚਲੇ ਪ੍ਰਾਨ ਜਾਵੈਂ ਕਟੈਂ ਗਾਤ ਸਾਰੇ, ਟਰੈ ਬਾਤ ਨ ਜੌਨ ਸੁਬੀਰ ਬੋਲੈ."

ਐਸੀ ਦਰਦਨਾਕ ਸ਼ਹਾਦਤ ਤੇ ਅਨੇਕ ਸੂਰਬੀਰਾਂ ਦਾ ਲਹੂ ਓਥੇ ਵਗਿਆ ਸੁਨਕੇ ਮਹਾਰਾਜ ਜੀ ਡਕੋਡੋਲੇ ਹੋ ਗਏ, ਹੰਝੂ ਭਰੀ ਅਖ ਵਿੱਚ ਪੁਤਲੀ ਫਰਕੀ, ਇਸ ਦਲੇਰ ਪੈਗਾਮ ਬਰ ਨੇ ਆਪਨੀ ਰਪੋਟ ਇਸ ਦਰਦਨਾਕ ਵਜ਼ਨਵਿੱਚ ਕਹੀਸੀ ਕਿ ਮਹਾਰਾਜ ਦੇ ਨੇਤ੍ਰ ਲਾਲ ਹੋਗਏ, ਚੇਹਰੇ ਨੇ ਭੀ ਗੁੱਸੇ ਨਾਲ

ਰੰਗ ਬਦਲਿਆ, ਫੌਰਨ ਗੜਵਈਦੇ ਹਥੋਂ ਗੜਵਾ ਖੋਹਕੇ ਰਾਜਾ ਧਿਆਨ ਸਿੰਘ ਨੂੰ ਵਗਾਤਾ ਮਾਰਿਆ ਏਹ ਬਹੁਤ ਤਾਂ ਨ ਲਗਾ ਪਰ ਝਰੀਟ ਤਗੜੀ ਦੇ ਕੇ ਸਜੇ ਪਾਸਿਓਂ ਨਿਕਲ ਗਿਆ, 'ਨਿਮਕਹਰਾਮ ਬੇਈਮਾਨ' ਆਦਿਕ ਬਹੁਤੇਰੇ ਯਥੋਚਿਤ ਖਿਤਾਬ ਰਾਜੇ ਨੂੰ ਉਸਦੇ ਪਾਪਾਂ ਦੇ ਫਲ ਬਦਲੇ ਦਿੱਤੇ, ਗੁੱਸੇ ਤੇ ਰੰਜ ਦੀ ਨਦੀ ਠਾਠਾਂ ਮਾਰਦੀ ਸੀ, ਉੱਤੋਂ ਕੌਮੀ ਜੋਸ਼ ਦਾ ਦਰਦਨਾਕ ਪੈਗਾਮ ਹੜ ਵਾਂਗੂੰ ਗਮ ਵਿੱਚ ਡੋਬ ਰਿਹਾ ਸਾ ਜਿਸਦਾ ਠਲਨਾ ਏਸ ਵੇਲੇ ਬੜਾ ਕਠਨ ਸੀ.

ਏਹ ਦੇਖ ਕੇ ਸਭ ਨੂੰ ਆਪੋ ਆਪਨੀ ਪਈ, ਥੋੜੇ ਚਿਰ ਪਿਛੋਂ ਮਹਾਰਾਜ ਨੇ ਸ਼ੋਕਾਤੁਰ ਹੋਏ ੨ ਸਰਦਾਰ ਹਰੀਸਿੰਘ ਜੀਦੀ ਸ਼ਹੀਦੀ ਤੇ ਖਿਦਮਤਾਂ ਦਾ ਜ਼ਿਕਰ ਫਿਰ ਇਸਤ੍ਰਾਂ ਛੇੜਿਆ:—

"ਏਹੋ ਇਕ ਦਰਬਾਰੀ ਸੇ ਕਿ ਜਿਨਾਂ ਦੇ ਹੌਸਲੇ ਨੇ ਐਸੇ ਸ਼ਰੀਰ ਜਹਾਦੀ ਅਨਘੜ ਪਠਾਨ ਸਿੱਧੇ ਕੀਤੇ ਸੀ, ਕਸੂਰ ਤੇ ਮੁਲਤਾਨ ਦੀ ਫਤਹ, ਮੁੰਘੇਰਾ, ਜਹਾਂਗੀਰਾ, ਕਸ਼ਮੀਰ, ਹਰੀਪੁਰ, ਠੇਰੀ ਪਹਾੜੀ, ਪੰਜਤਾਰ, ਸੈਦਅਹਿਮਦ ਤੇ ਹਾਜੀਖਾਂ ਕਾਕੜ, ਆਦਿਕਾਂ ਦੀਆਂ ਜਹਾਦੀ ਲੜਾਈਆਂ ਤੇ ਓਨਾਂ ਤੁਰਕਾਂ ਨੂੰ ਪਿਛਲੇ ਸਤ ਸੌ ਸਾਲ ਦੇ ਬਦੋਬਦੀ ਖੁੱਥੇ ਹੋਏ ਇਲਾਕਿਆਂ ਵਿੱਚੋਂ ਮਾਰ ੨ ਕੇ ਜ਼ੇਰ ਕਰਨਾ, ਜਮਰੋਦ ਜੈਸੀ ਕਰੜੀ ਧਰਤੀ ਤੇ ਕਿਲਾ ਬਨਾਕੇ ਸਦਾ ਵਾਸਤੇ ਪਠਾਨਾਂ ਨੂੰ ਰੋਕਨਾ, ਇਸੇ ਬੇ ਨਜ਼ੀਰ ਸਰਦਾਰ ਦਾ ਕੰਮ ਸੀ, ਜੇਕਦੀ ਕੁਛ ਸਮਾਂ ਹੋਰ ਜੀਉਂਦੇ ਰਹਿੰਦੇ ਤਾਂ ਕਾਬਲ ਨੂੰ ਮਾਤੈਹਤ ਕਰਕੇ ਰਾਜ ਕਰਦੇ ਹੁਨ ਓਸ ਪਾਸੇ ਦਾ ਸਾਨੂੰ ਚੰਗਾ ਖਟਕਾ ਹੋਗਿਆ ਹੈ".

ਏਹ ਸੋਚਕੇ ਮਹਾਰਾਜਾ ਨੇ ਪ੍ਰਿੰਸ ਖੜਕਸਿੰਘ ਜੀ ਨੂੰ

ਤੇ ਪ੍ਰਿੰਸ ਨੌ ਨਿਹਾਲਸਿੰਘ ਜੀ ਨੂੰ ਬਹੁਤ ਸਾਰੀ ਫੌਜ ਦੇ ਕੇ ਸਰਦਾਰ ਮਹਾਂਸਿੰਘ ਜੀ ਦੀ ਸਹਾਇਤਾ ਵਾਸਤੇ ਉਸੇ ਦਿਨ ਭੇਜ ਦਿੱਤਾ, ਤੇ ਆਪ ਵੀ ਦੂਸਰੇ ਦਿਨ ਓਧਰ ਨੂੰ ਚਲੇ ਗਏ ਏਹ ਦਲ ਵੀ ਡਬਲ ਕੂਚ ਕਰਕੇ ਪਿਸ਼ਾਵਰ ਪਹੁੰਚਾ ਤੇ ਪਠਾਨੀ ਸੈਨਾ ਚੀਰਦਾ ਕਟਦਾ ਵਢਦਾ ਜਮਰੋਦ ਪਹੁੰਚ ਗਿਆ, ਤੇ ਉਸ ਕੀੜੀ ਦਲ ਪਠਾਨਾਂ ਦੀ ਫੌਜ ਤੇ ਗਾਜ਼ੀਆਂ ਤੋਂ ਕਿਲੇ ਦਾ ਘੇਰਾ ਛੁੜਾਯਾ। ਮਹਾਰਾਜ ਵੀ ਜਮਰੋਦ ਆ ਪਹੁੰਚੇ, ਕਹਿੰਦੇ ਹਨ ਕਿ ਰਸਤੇ ਵਿੱਚ ਅਟਕ ਦਰਿਆਓ ਨੇ ਮਹਾਰਾਜ ਨੂੰ ਪਾਰ ਜਾਨ ਦਾ ਰਸਤਾ ਦੇ ਦਿੱਤਾ ਤੇ ਮਹਾਰਾਜ ਜੀ ਘੋੜੇ ਤੇ ਸੁਵਾਰ ਹੀ ਅਟਕ ਦਰਿਆ ਨੂੰ ਲੰਘ ਗਏ.

ਹੁਨ ਸਰਦਾਰ ਮਹਾਂਸਿੰਘ ਨੇ ਸਰਦਾਰ ਹਰੀਸਿੰਘ ਜੀ ਦੀ ਸ਼ਹੀਦੀ ਦੀ ਖਬਰ ਕਢੀ ਤੇ ਬਨਾਵਟੀ ਅਰਥੀ ਚੁਕ ਕੇ ਬੜੇ ਆਦਰ ਸੈਨਮਾਨ ਨਾਲ ਸਸਕਾਰ ਕੀਤੀ ਮਹਾਰਾਜਾ ਰੰਜੀਤ ਸਿੰਘ ਜੀ ਵੀ ਆਪਨੇ ਮਿਤ੍ਰ ਸੈਨਾਪਤੀ ਦੀਂ ਅਰਥੀ ਨਾਲ ਨੰਗੇ ਪੈਰੀਂ ਗਏ, ਰਾਜਾ ਧਿਆਨਸਿੰਘ, ਰਾਜਾ ਸੁਚੇਤਸਿੰਘ (ਮਿਸ਼ਰ) ਲਾਲਸਿੰਘ (ਮਿਸ਼ਰ) ਜਮਾਦਾਰ ਖੁਸ਼ਾਲਸਿੰਘ (ਮਿਸ਼ਰ) ਤੇਜ ਸਿੰਘ ਆਦਿਕ ਸਿਰ ਨੰਗਾ ਕਰੀ ਨਾਲ ਰੋਂਦੇ ਜਾਂਦੇ ਸਨ.

ਪਾਠਕੋ! ਦੇਖੋ ਇਨਾਂ ਬ੍ਰਾਹਮਣ ਵਜ਼ੀਰਾਂ ਦੀ ਦੁਰੰਗੀ ਚਾਲ, ਹਾਥੀ ਦੇ ਦੰਦਾਂ ਦਾ ਦਿਖਾਵਾ! ਵਿੱਚੋਂ ਤਾਂ ਸਰਦਾਰ ਹਰੀਸਿੰਘ ਜੀ ਦੇ ਘਾਤੀ ਤੇ ਕਰਤਬ ਵੀ ਸਬ ਮਾਰਨੇ ਦੇ ਹੀ ਕਰਦੇ, ਇਕ ਦਿਨ ਨ ਆਰਾਮ ਲੈਣ ਦਿੱਤਾ, ਅੰਤ ਨੂੰ ਜਦ ਕੁਛ ਪੇਸ਼ ਨ ਜਾਂਦੀ ਡਿਠੀ, ਤਾਂ ਅਨਗਿਣਤ ਗਾਜ਼ੀਆਂ ਤੇ ਪਠਾਨਾਂ ਦੇ ਸਾਮਣੇ ਜੰਗ ਵਿੱਚ ਝੋਕ ਦਿੱਤਾ, ਅਤੇ ਆਪ ਜਿਨੀ ਵਾਹ ਲਗੀ ਲਾਈ ਤੇ ਦੁਖ ਦਿੱਤੇ, ਅਤੇ ਓਸ ਸਰਹਦੀ ਇਲਾਕੇ

ਵਿੱਚ ਫੌਜ ਦੀ ਮਿੱਕ ਖੁਣੋਂ ਸ਼ਹੀਦ ਕਰਵਾਯਾ, ਜੋ ਰਪੋਟ ਓਥੋਂ ਆਂਵਦੀ ਸੋ ਸਬ ਭੇਰੇ ਵਿੱਚ, ਯਾ ਗਲਤ ਸ਼ਲਤ ਦਸਕੇ ਫੌਜ ਲਾਹੌਰੋਂ ਨ ਭੇਜਨ ਦਿੱਤੀ, ਏਨਾਂ ਨੇ ਸਦਾ ਹੀ ਆਪਨਾ ਉੱਲੂ ਸਿਧਾ ਰਖਿਆ, ਤਵਾਰੀਖਾਂ ਏਹ ਦਸਦੀਆਂ ਹਨ ਕਿ ਏਨਾਂ ਤੋਂ ਭਲਾ ਹੋਣਾ ਅਸੰਭਵ ਹੈ, ਜਦ ਏਹ ਬਾਤ ਪ੍ਰਮਾਣੀਕ ਹੈ ਤਾਂ ਸੋਚੋ ਕਿ ਏਹ ਆਪਨੇ ਹਮਰੁਤਬਾ ਦਰਬਾਰੀ, ਹੋਨਹਾਰ ਹੀਰੇ ਸਰਦਾਰ ਹਰੀਸਿੰਘ ਜੀ ਨੂੰ ਕਦ ਦੇਖ ਸਕਦੇ ਸੀ, ਖਾਸ ਕਰਕੇ ਜਦ ਮਹਾਰਾਜ ਜੀ ਨੇ ਸਰਦਾਰ ਹਰੀ ਸਿੰਘ ਜੀ ਨੂੰ ਆਪਨੀ ਫੌਜ ਦਾ ਕਮਾਂਡਰ ਇਨਚੀਫ ਬਨਾਦਿੱਤਾ,ਸੋਹੁਨਏਨਾਂ ਅਮੀਰਾਂ ਨੂੰ ਆਪਨੇ ਕਦਰ ਦੇ ਘਟ ਹੋਣ ਦਾ ਡਰ ਪੈ ਗਿਆ ਸੀ. ਏਸ ਵਾਸਤੇ ਏਨਾਂ ਨੇ ਚਾਲਬਾਜ਼ੀ ਕਰਕੇ ਪਿਸ਼ਾਵਰ ਵੱਲ ਹੋਰ ਫੌਜ ਨ ਭੇਜਨ ਦਿੱਤੀ,ਏਨਾਂ ਬ੍ਰਾਹਮਣਵਜ਼ੀਰਾਂ ਨੇ ਕਿਸ ੨ ਨਾਲ ਬੁਰਾਈ ਨ ਕੀਤੀ ਤੇ ਕਦ ਆਪਣੇਹਿਤੂ ਅਥਵਾ ਰਖਛਕ ਦਾ ਭਲਾ ਚਾਹਿਆ ਹੈ ?

ਏਨ੍ਹਾਂ ਦੇ ਕਈਕੁ ਵਡੇਰਿਆਂ ਦੀ ਸੁਵਾਰਥ ਸਿੱਧੀ ਦਾ ਕਿਣਕਾ ਮਾਤ੍ਰ ਨਮੂਨਾ ਹੇਠਾਂ ਲਿਖਦੇ ਹਾਂ :—

ਏਨ੍ਹਾਂ ਦੀ ਸੁਵਾਰਥ ਸਿਧੀ ਜਦ ਤੋਂ ਸ੍ਰਿਸ਼ਟੀ ਬਣੀ ਕਦੀ ਨਾ ਹਟੀ,ਰਾਜੇਰਘੁ ਨੂੰ ਰਾਜ ਤੋਂ ਹਟਾਕੇ ਰਾਣੀ ਸਮੇਤ ਸੰਕਲਪੁ ਕਰਵਾਲਿਆ,ਮਹਾਰਾਜਾ ਰਾਮਚੰਦ੍ਰਜੀਨੂੰਪਰਸਰਾਮਦੇਦੁਰਵਾਕ ਕਦੀ ਭੁੱਲਨ ਵਾਲੇ ਨਹੀਂ, ਛਤ੍ਰੀਆਂ ਨੂੰ ਨਿਰਮੂਲ ਕਰਨ ਵਾਲਾ ਕੁਹਾੜਾ ਕੀ ਭੁਲ ਜਾਊ? ਰਾਵਨ (ਵੇਦਾਂਦਾ ਟੀਕਾਕਾਰ) ਇਕ ਤਪਸੀ ਦੀ ਇਸਤ੍ਰੀ ਨੂੰ ਬਨ ਵਿੱਚੋਂ ਭੇਸ ਵਟਾਕੇ ਹਰ ਕੇ ਲੈਗਿਆ,ਨਾਰਦ ਜੀ ਦੀ ਕ੍ਰਿਪਾ ਨਾਲ ਲਛਮਣ ਦੀ ਮੁਰਛਾ ਦ੍ਰੋਣਾਚਾਰਜਨੇ ਕੈਰਵਾਂਪਾਂਡਵਾਂਦੀ ਲੜਾਈਦੀਨੀਂਹਬਧੀ,ਰਾਣੀ

ਲੀਲਾਵਤੀਜੈਸੀ ਪਠਿਤਸ੍ਰੀਦ੍ਰੀਦੇਯੋਗਵਰਦੇਪਿਤਾਨੂੰਅਪਨੇਗ੍ਯਾਤ ਦੇ ਘੁਮੰਡ ਵਿੱਚ ਮਾਰਿਆ,ਸੱਚ ਹੈ ਜੇ ਭਾਂਡਾ ਟੁਟੇ ਹੀ ਤਾਂ ਦੁਧ ਡਿਗੇ ਤੇ ਕਾਂ ਖਾਣ,ਰਾਜੇਜੈਪਾਲਦੇ ਬ੍ਰਾਹਮਣ ਵਜ਼ੀਰਾਂਦੀਮੁਫਤ ਖਾ ੨ ਕੇ ਸੁਸਤੀ ਦੀ ਆਦਤ ਨੇ ਸਾਰੇ ਭਾਰਥਵਰਸ਼ ਨੂੰ ਅਠ ਸੈ ਸਾਲ ਓਹ ਦੁਖ ਦੇ ਦਿਖਾਏ,ਕਿ ਲਿੱਖਣ ਲਿਖ ਨਹੀਂ ਸਕਦੀ ਸ੍ਰੀਗੁਰੂਹਰਗੋਬਿੰਦਜੀਨੂੰ ਜ਼ਹਿਰ ਦਿਤੀ,ਸ੍ਰੀਗੁਰੂਤੇਗਬਹਾਦਰ ਜੀ ਦੀ ਸਰਣ ਤੇਫਿਰਕ੍ਰਿਤਘਨਤਾ ਏਥੋਂ ਤੋੜੀ ਕਿਓਨ੍ਹਾਂਨੂੰ ਜਾਨਾਂ ਦੇ ਰਛਕ ਬਨਾਯਾ ਤੇਘਿਘਯਾ੨ਕੇਸ਼ਰਨਫੜੀਪਰਗੁਰੂਨਾਮੰਨਿਆ ਚਮਕੌਰਦੇ ਕਿਲੇ ਵਿੱਚੋਂ ਨਿਕਲਨ ਵੇਲੇ ਝੂਠੀਆਂਸਵਾਂ ਸੁਗੋਧਾਂ ਦੇ ਆਗੂ,ਸਾਹਿਬਜ਼ਾਦੇ ਜ਼ੋਰਾਵਰਸਿੰਘਜੀ ਤੇ ਫਤਹਸਿੰਘਜੀਜੈਸੇ ਮਾਸੂਮ ਬਚਿਆਂ ਦਾ ਘਾਤ,ਬੁਰੀਆਂ ਰਸਮਾਂ ਧੁਸੇੜਨੀਆਂ ਅਤੇ ਚੰਗਿਆਂ ੨ ਦੇ ਖੌ ਕਰਨ ਵਿੱਚ ਏਹ ਕਦੀ ਪਿਛੇ ਨ ਹਟੇ,ਏਨ੍ਹਾਂ ਦੇ ਵਡੇ ਸੰਤਾਨਪਾਲੂ,ਤਾਂਐਸੇਦਿਆਲੂਹੋਏਹਨ,ਤੇਐਸੇ੨ ਲੇਖ ਪਾਏ ਜੋ ਹੋਰ ਸਬਨਾਂਨੂੰ ਅਵਿਦਯਾ ਵਿੱਚ ਘੇਰਦਿਤਾ;ਤੇਆਪਨ ਟੈਕਸ ਬਨਾਯਾ; ਏਨ੍ਹਾ ਦੇ ਰਚਿਤ ਕਈ ਪੁਸਤਕ ਇਕ ਦੂਸਰੇ ਦੇ ਵਿਰੋਧੀ ਹਨ,ਸਿਖਾਂ ਦੇ ਰਾਜ ਦੇ ਨਾਸ਼ ਦਾ ਮੂਲ ਬੀਜ ਏਹ ਸੇ, ਦੇਖੋ ਤਵਾਰੀਖ ਪੰਜਾਬ ਮੁਸੱਨਫਾ ਰਾਇ ਬਹਾਦਰ ਬਾਬੂ ਘਨੈਯਾ ਲਾਲ ਜੀ ਸਫਾ ੪੦੪ “ਐਸੀ ੨ ਤਕਰੀਰੋਂ ਜੋਰਾਜਾ ਹੀਰਾ ਸਿੰਘ ਨੇ ਅਪਨੇ ਮਤਲਬ ਕੇ ਲੀਏ ਕੀਥੀਂ ਸਿਖੋਂਕੋਜੋਸ਼ ਮੇਂ ਲੇਆਈ,ਔਰ ਅੰਗ੍ਰੇਜ਼ੋਂ ਕਾ ਨਾਮ ਸੁਨਕਰ ਵੁਹ ਨਿਹਾਇਤ ਅਫਰੋਖਤਾ ਹੂਏ,ਔਰ ਕਹਾ ਕਿ ਭ ਈ ਬੀਰ ਸਿੰਘ ਫਕੀਰਜਹੋ ਉਸਕੋ ਸਲਤਨਤ ਕੇ ਕਾਮ ਕੀ ਕਿਆ ਖਬਰ ਹੈ,ਖਾਲਸਾ ਜੀ ਐਸਾ ਬੇਵਕੂਫ ਨਹੀਂ ਹੈ, ਕਿ ਉਸਕੇ ਕਹਿਨੇ ਸੇ ਸਰਦਾਰ ਅਤ੍ਰ ਸਿੰਘ ਕੋ ਜਿਸ ਕੀ ਸਾਜ਼ਸ਼ ਅੰਗ੍ਰੇਜ਼ੋਂ ਕੇ ਸਾਥ ਸਾਬਤ ਹੋ ਚੁਕੀ ਹੈ

ਆਪਨੀ ਸਲਤਨਤ ਕਾ ਵਜ਼ੀਰ ਬਨਾਏ ਔਰ ਅਪਨੇ ਹਾਥ ਸੇ ਅਪਨੇ ਗਲੇ ਪਰ ਛੁਰੀ ਫੇਰੇ" ਯੇਹ ਸੁਨਕਰ ਰਾਜਾ ਹੀਰਾਸਿੰਘ ਬਹੁਤ ਖ਼ੁਸ਼ ਹੂਆ ਔਰ ਬਹੁਤ ਸਾ ਰੁਪਯਾ ਨਕਦ ਇਨਾਮ ਦੇ ਕਰ ਖਾਲਸਾ ਕੇ ਪੰਚੋ ਕੋ ਰੁਖ਼ਸਤ ਕੀਆ ਔਰ ਹੁਕਮ ਦੀਆ ਖ਼ਾਲਸਾਜੀ ਅਬ ਇਸ ਕਾਮ ਮੇਂ ਤਵੱਕਫ ਨ ਕਰੇਂ, ਫਿਲਫੌਰ ਵਹਾਂ ਪਹੁੰਚਕਰ ਅਤ੍ਰਸਿੰਘ ਕਾ ਕਾਮ ਤਮਾਮ ਕਰਦੇਂ, ਐਸਾ ਨ ਹੋ ਕਿ ਅੰਗ੍ਰੇਜ਼ ਉਸਕੀ ਮਦਦਕੋ ਆ ਪਹੁੰਚੇ* ਅਗੇ ਸਫ਼ਾ ੪੧੧ "ਕੋਈ ਮੁਤਨਫਸ ਪੰਡਿਤ ਜਲਾ ਸੇ ਰਾਜ਼ੀ ਨ ਥਾ, ਹਰ ਇਕ ਸਰਦਾਰ ਪੰਡਤ ਜਲਾ ਕਾਜਾਨੀ ਦੁਸ਼ਮਨ ਥਾ, ਸਰਦਾਰ ਲਹਿਣਾ ਸਿੰਘ ਮਜੀਠੀਆ ਜੋ ਏਕ ਮੁਅਜ਼ਿਜ਼ ਵਾ ਮੁਕੱਮ ਸਰਦਾਰ ਲਾਹੌਰ ਦਰਬਾਰ ਕਾ ਥਾ, ਉਸਨੇ ਵੀ ਬਬਹਾਨਾ ਜਾਂਨੇ ਤੀਰਥੋਂ ਕੇ ਲਾਹੌਰ ਸੇ ਅਲਹਿਦਗੀ ਇਖ਼ਤਿਆਰ ਕੀ".

ਅਗੇ ਸਫ਼ਾ੪੧੨ "ਮਗਰ ਰਾਜਾ ਹੀਰਾ ਸਿੰਘ ਕੋ ਪੰਡਤ ਜਲਾ ਕੀ ਜੁਦਾਈ ਹਰਗਿਜ਼ ਮਨਜ਼ੂਰ ਨ ਥੀ ਔਰ ਫੌਜ ਕਾ ਪੈਗ਼ਾਮ ਪੈ ਦਰ ਪੈ ਪੰਡਿਤ ਜਲਾਕੇ ਨਿਕਾਲ ਦੇਨੇ ਕੇ ਲੀਏ ਪਹੁੰਚਤਾ ਥਾ"

ਅਗੇ ਸਫ਼ਾ ੪੧੭ (ਮਿਸ਼ਰ) ਰਾਜਾ ਲਾਲਸਿੰਘ ਦਰਪੈ ਇਸ ਬਾਤ ਕੇ ਥਾ ਕਿ ਖ਼ੁਦ ਵਜ਼ੀਰ ਬਨ ਜਾਏ, ਉਸਨੇ ਵੀ ਸਿਖੋਂ ਕੋ ਬਹੁਤ ਭੜਕਾਯਾ, ਔਰ ਖਬਰ ਦੀ ਕਿ ਸਰਦਾਰ ਜਵਾਹਰ ਸਿੰਘ ਅੰਗ੍ਰੇਜ਼ੀ ਇਲਾਕਾ ਮੇਂ ਭਾਗ ਜਾਨੇਕੋ ਤਿਆਰ ਹੈ".

---

*ਪਾਠਕੋ! ਕੈਸਾ ਅਨਰਥ ਹੈ ਕਿ ਝੂਠਾ ਪਾਪ ਸਰਦਾਰ ਅਤ੍ਰਸਿੰਘ ਸੰਧਾਂਵਾਲੀਏ ਤੇ ਅਰੋਪਕੇ ਏਨ੍ਹਾਂ ਮਿਸ਼ਰਾਂ ਨੇ ਆਪਣਾ ਮਤਲਬ ਸਿੱਧ ਕੀਤਾ.

ਅਗੇ ਸਫਾ ੪੨੧ "ਔਰ ਪਿਆਦਾ ਫੌਜਨੇ ਐਸੀ ਬਹਾਦਰੀ ਸੇ ਜੰਗ ਕੀ ਕਿ ਅਗਰ ਏਕ ਸਾਇਤ ਤਕ ਔਰ ਲੜਾਈ ਰਹਿਤੀ ਤੋ ਮੈਦਾਨ ਸਿਖੋਂ ਕੇ ਹਾਥ ਰਹਿਤਾ ਜਬ (ਮਿਸ਼ਰ) ਰਾਜਾ ਲਾਲਸਿੰਘਸਿਪਾਹਸਾਲਾਰਨੇ ਦੇਖਾ ਕਿ ਮੇਰੀ ਫੌਜ ਬੜ੍ਹਤੀ ਜਾਤੀਹੈ ਯਕੀਨਹੈ ਕਿ ਫਤਹਿਯਾਬ ਹੋਗੀ,ਚਾਹਾਕਿ ਭਾਗ ਜਾਏ ਔਰ ਅਪਨੀ ਫੌਜ ਕੋ ਸ਼ਿਕਸਤ ਦਿਲਾਏ, ਕਿਉਂਕਿ ਅਸਲੀ ਮਤਲਬ ਉਸਕਾ ਅਪਨੀ ਫੌਜਕੋ ਜ਼ਲੀਲ ਕਰਨੇ ਕਾ ਥਾ ਯੇਹ ਸੋਚਕਰ ਵੁਹ ਆਠ ਹਜ਼ਾਰ ਸੁਵਾਰ ਕੇ ਸਾਥ ਮੈਦਾਨਸੇ ਭਾਗਾ' ਵਗੈਰਾ ੨.

ਇਕ ਹੋਰ ਮੁਸੱਨਫ ਲਾਲਾਦੌਲਤਰਾਮ ਅਪਨੀ ਤਵਾਰੀਖ਼ ਕੇ ਸਫੇ ੨੦੯ ਤੇ ਇਸਤਰਾਂ ਲਿਖਦਾ ਹੈ 'ਕਿ ਬ੍ਰਾਹਮਣ ਏਕ ਐਸੀ ਕੌਮ ਹੈ ਜੋ ਅਰਸਾ ਦਰਾਜ਼ ਸੇ ਹਿੰਦੂਓਂ ਕੇ ਜਿਸਮ ਸੇ ਜੋਂਕ ਕੀ ਤਰਹ ਖੂਨ ਚੂਸਕਰ ਗੁਜ਼ਾਰਾ ਕਰਤੇ ਚਲੇਆਏਹੈਂ ਉਨਕੋ ਅਪਨੀ ਗਰਜ਼ ਔਰ ਪੇਟ ਕੇ ਲੀਏ ਅਪਨੇ ਆਕਾ ਮਾਲਿਕ ਔਰ ਕੌਮ,ਔਰ ਅਹਿਲ ਵਤਨ, ਸੇ ਦਗਾ ਕਰਨੇਮੇਂ ਜ਼ਰਾ ਭੀ ਦਰੇਗ ਨਹੀਂ, ਹਿੰਦੁਸਤਾਨ ਕੀ ਸਾਰੀ ਤਵਾਰੀਖ ਇਸ ਕੀ ਦਗਾਬਾਜ਼ੀਓਂ, ਨਿਮਕ ਹਰਾਮੀਓਂ, ਖੁਦਗਰਜ਼ੀਓਂ, ਨਫ਼ਸ ਪਰਸਤੀਓਂ ਸੇ ਪੁਰ ਹੈ,ਇਨਕੋ ਨ ਮਾਂਗਨੇ ਸੇ ਸ਼ਰਮ ਨ ਗਦਾਗਰੀ ਸੇ ਆਰ ਹੈ, ਨ ਇਨਮੇਂ ਮੁਰੱਵਤ ਹੈ, ਔਰ ਨ ਅਹਿਸਾਨ ਮੰਦੀ ਕਾ ਮਾਦਾ, ਵੁਹ ਹਿੰਦੂਓਂ ਕੇ ਤਮਾਮ ਜ਼ਾਤ ਔਰ ਜਾਨੋਮਾਲਕੋ ਅਪਨੇ ਤਈਂ ਕੁਦਰਤੀ ਹਕਦਾਰ ਸਮਝਤੇ ਹੈਂ ਕਾਸ਼ ਹਿੰਦੂ ਕੌਮ ਉਨਕੇ ਫੰਦੇ ਸੇ ਨਿਕਲਤੀ ਔਰ ਉਨਕੇ ਰੋਬ ਸੇਂ ਬਾਹਰ ਹੋ ਸਕਤੀ.

ਅਜੇਈਏਹਕ੍ਰਿਪਾਲੂਨਿਮਾਨੀਖਾਲਸਾਕੌਮ ਨੂੰ ਗ੍ਰੀਬ ਜਾਨਕੇ

ਵੀ ਪਿਛੋਂ ਨਹੀਂ ਲਹਿੰਦੇ, ਪਿਆਰੇ ਖਾਲਸਾ ਜੀ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੇ ਵਾਕਾਂ ਤੇ ਚਲਕੇ ਇਕੋ ਅਕਾਲ ਦਾ ਆਸਰਾ ਫੜਦੇ ਹੋਏ, ਆਪਣੇ ਸਬ ਕਰਮ ਧਰਮ ਗੁਰਮਤਾਨੁਸਾਰ ਕਰੋ ਤੇ ਇਸ ਜਗਤ ਵਖਯਾਤ ਸਵਾਰਥੀ ਕੌਮ ਨੂੰ ਤਲਾਂਜਲੀ ਦੇਵੋ ਗੁਰਵਾਕ ਹੈ "ਗਦੋਂ ਚੰਦਨ ਖਉਲੀਐ ਭੀ ਸਾਹੂ ਸਿਉਂਪਾਣ" ਹੋਰ "ਨਿਮ ਬਿਰਖੁ ਬਹੁ ਸੰਚੀਐ ਅੰਮ੍ਰਿਤੁ ਰਸ ਪਾਇਆ। ਬਿਸੀਅਰੁਮੰਤ੍ਰ ਵਿਸਾਹੀਐ ਬਹੁ ਦੂਧ ਪੀਆਇਆ। ਮਨਮੁਖ ਅਭਿਨ ਨ ਭਿਜਈ ਪਥਰ ਨਾਵਾਇਆ। ਬਿਖ ਮਹਿ ਅੰਮ੍ਰਿਤ ਸਿੰਚੀਐ ਬਿਖੁ ਕਾ ਫਲ ਪਾਇਆ। ਨਾਨਕ ਸੰਗਤ ਮੇਲ ਹਰਿ ਸਭਿ ਬਿਖ ਲਹਿ ਜਾਇਆ" ਖੋਤੇ ਨੂੰ ਲਖ ਚੰਦਨ ਵਿੱਚ ਥਪੋ ਫਿਰ ਵੀ ਸੁਵਾਹ ਵਿੱਚ ਹੀ ਲੇਟੇਗਾ, ਨਿਮ ਨੂੰ ਕਿਤਨਾ ਦੁਧ ਤੇ ਅੰਮ੍ਰਿਤ ਆਦਿਕ ਵਸਤੂਆਂ ਪਾਕੇ ਸਿੰਚੋ ਅੰਤ ਕੌੜੀ ਦੀ ਕੌੜੀ, ਸੱਪਨੂੰਕਿਤਨਾਅੰਮ੍ਰਿਤਆਦਿਕਮੰਤ੍ਰਾਂ ਦੇ ਯਾਦ ਹੁੰਦਿਆਂਵੀਪਿਆਰ ਕਰੋ ਡੰਗਨੋਂ ਕਦੀ ਨ ਹਟੇਗਾ, ਮਨਮੁਖਾਂ ਦੇ ਮਨ ਕਦੀ ਨਹੀਂ ਭਿੱਜਣ ਗੇ, ਪਥਰ ਕਦੀ ਪਾਨੀ ਵਿੱਚ ਨਰਮ ਨਹੀਂ ਹੋਵੇਗਾ ਜ਼ਹਿਰ ਵਿੱਚ ਕਿਤਨਾ ਅੰਮ੍ਰਿਤ ਪਾਵੋ ਪਰ ਜ਼ਹਿਰ ਦਾ ਫਲ ਮੌਤ ਜ਼ਰੂਰ ਮਿਲੇਗਾ ਇਤਯਾਦਿਕ.

ਇਕ ਕਵੀਸ਼ਰ ਕਹਿੰਦਾਹੈ ਕਿ 'ਰਤਨਨਜੜਿਓ ਸੁਵਰਣਨ ਮੜ੍ਹਿਓ ਚੜਿਓ ਸੀਸ ਭੂਪਾਲ। ਮਾਖੀ ਮਾਰਨ ਨ ਤਜੀ ਅੰਤ ਪੂਛ ਕੋ ਬਾਲ"। ਚੌਰ ਨੂੰ ਕਿਤਨਾ ਰਤਨਾਂ ਵਿੱਚ ਜੜਿਆ ਤੇ ਸੋਨੇ ਵਿੱਚ ਮੜ੍ਹਿਆ ਜਾਵੇ, ਰਾਜੇ ਦੇ ਸੀਸ ਤੋਂ ਉਚੀ ਪਦਵੀ ਵੀ ਮਿਲਜਾਂਦੀਹੈ ਪਰ ਤਦਵੀ ਆਪਣੀ ਪਿਛਲੀ ਆਦਤ(ਪੂਛਦਾ ਬਾਲ ਹੋਣ ਕਰਕੇ) ਮੱਖੀ ਮਾਰਨ ਦੀ ਨਹੀਂ ਛਡ ਸਕਦਾ, ਇਸੇ ਤ੍ਰਾਂ ਆਪ ਵੀ ਏਨਾਂਦੀ ਕਿਤਨੀ ਸੇਵਾ ਕਰੋ ਤੇ ਏਨਾਂਦਾ ਕਿਤਨਾ

ਭਾਂਡਾਭੁਰੋ! ਪਰ ਅੰਤਨੂੰਏਹ ਮੰਗਤੇਦੇ ਮੰਗਤੇ ਤੇਦ੍ਰੋਹੀ ਦੇ ਦ੍ਰੋਹੀ!

ਓਹੋ! ਮੈਂ ਤਾਂ ਭੁੱਲ ਕੇ ਦੂਸਰੇ ਪਾਸੇਹੀ ਚਲਿਆ ਗਿਆ ਪਰ ਕੀ ਕਰਾਂ ? ਮਨ ਦਾ ਵੇਗ ਏਨ੍ਹਾਂ ਦੀ ਕ੍ਰਿਤਘਨਤਾ ਸਿੰਘਾਂ ਦੀ ਅਜਕੱਲ ਦੀ ਦਸ਼ਾ ਤੇ,ਏਨ੍ਹਾਂਦੇ ਹੱਥ ਕੰਡੇ ਮਜਬੂਰ ਕਰਕੇ ਏਹ ਲਫਜ਼ ਲਿਖਵਾਉਂਦੇ ਹਨ.

ਮੈਂ ਸੋਚਦਾ ਹਾਂ ਕਿ ਏਹ ਲਫਜ਼ ਇਕ ਸਿਖ ਦੀ ਕਲਮ ਵਿੱਚੋਂ ਨਹੀਂ ਨਿਕਲਨੇ ਚਾਹੀਏ, ਪਰ ਏਹ ਇਤਹਾਸੁ ਹੈ ਇਸ ਵਾਸਤੇ ਜੋ ਵਰਤਿਆ ਹੋਵੇ ਸੋ ਠੀਕ ੨ ਪ੍ਰਗਟ ਕਰਨਾ ਪੈਂਦਾ ਹੈ,ਆਪਨੇ ਬਖਸ਼ਿੰਦ ਦਾ ਬਿਰਦ ਵਰਤ ਕੇ ਖਿਮਾ ਕਰਨੀ.

ਸਚ ਹੈ ਇਸ ਸੰਸਾਰਤੇ ਕੌਨਸਥਿਰਹੈ?ਪਰ ਭਲਿਆਪੁਰਸ਼ਾਂ ਦੇਨਾਮ ਤੇ ਏਨ੍ਹਾਂ(ਬ੍ਰਾਹਮਣਾਂ)ਵਜ਼ੀਰਾਂਦੇਖਾ ੨ ਕੇ ਬੁਰਾ ਕਰਨ ਦੇ ਕੰਮ ਕੌਣ ਨ ਮੰਨੇਗਾ,ਰਾਜਾਧਿਆਨਸਿੰਘ, ਜਮਾਦਾਰ (ਮਿਸ਼ਰ) ਖੁਸ਼ਾਲਸਿੰਘਮਿਸ਼ਰਲਾਲਸਿੰਘਤੇ ਮਿਸ਼ਰਜਲ੍ਹਾ,ਤੇਰਾਜਾ(ਮਿਸ਼ਰ) ਤੇਜਾਸਿੰਘ ਆਦਿਕ ਸਾਡੇ ਸੂਰਬੀਰ ਸ਼ਹੀਦ ਸਰਦਾਰ ਹਰੀਸਿੰਘ ਜੀ ਦੇ ਸਾਥੀ ਹੁਨ ਕਿਥੇ ਹਨ? ਪਰ ਸਾਡੇ ਦੇਸ਼ਰਖਛਕ ਸਰਦਾਰ ਹਰੀਸਿੰਘ ਜੀ ਦਾ ਨਾਮ ਅਜੇ ਤਕ ਪਠਾਨਾਂ ਦੀ ਹੱਦ ਬਲਕਿ ਹਰ ਇਕ ਪਠਾਨ ਬਚੇ ਦੀ ਰਗ ੨ ਵਿੱਚ ਵੀ ਗੂੰਜਦਾ ਹੈ.

ਸਰਦਾਰ ਹਰੀ ਸਿੰਘ ਜੀ ਦੀ ਸਮਾਧ. (੭੭)

ਏਹ ਸਮਾਧ ਜਮਰੋਦ ਦੇ ਕਿਲੇ ਵਿੱਚ ਚੜ੍ਹਦੀ ਨੁਕਰ ਤੇ ਹੈ ਤੇ ਅਜ ਕਲ ਉਸਤੇ ਇਸ ਤਰਾਂ ਦਾ ਪੱਥਰ ਲੱਗਾ ਹੋਯਾ ਹੈ.

Tomb of the Sikh General Hari Singh, Nalwa, cremated 30th April 1837 commemorated by Babu Gajju Mal Kapur of Peshawar.

September 1902.

ਸਮਾਧ ਸਰਦਾਰ ਹਰੀਸਿੰਘ ਨਲੂਆ

ਗੁਰਮੁਖੀ ਵਿੱਚ ਜੋ ਲਿਖਾ ਹੈ ਸੋਈ ਲਫਜ਼ ਉਰਦੂ ਵਿੱਚ ਵੀ ਲਿਖੇ ਹਨ.

ਸਮਾਧ ਦੇ ਗ੍ਰੰਥੀ ਜਦੋਂ ਮੈਂ ਦਰਸਨ ਕੀਤਾ ਸੀ ਭਾਈ ਮੰਗਲ ਸਿੰਘ ਜੀ ਸੇ ਜੋ ਬੜੇ ਪ੍ਰੇਮੀ ਸਿੰਘ ਹਨ, ਸਰਕਾਰੋਂ ਵੀ ਕੁਛ ਪੈਨਸ਼ਨ ਮਿਲਦੀ ਹੈ.

ਸਰਦਾਰ ਹਰੀਸਿੰਘਜੀਦੀ ਖਸਲਤ.(੭੮)

ਸਰਦਾਰ ਜੀ ਚੰਗੇ ਕੱਦ ਦੇ ਕਣਕ ਰੰਗੇ ਸਨ, ਪਰ ਉਂਞ ਚੇਹਰਾਭਰਵਾਂ ਤੇ ਸ਼ਰੀਰ ਦੇ ਦੋਹਰੇ ਸਨ, ਦਾਹੜਾ ਸਿਧਾ ਤੇ ਲੰਬਾ, ਛਾਤੀ ਹੱਛੀ ਚੌੜੀ, ਨਕ ਪਤਲਾ ਤੇ ਮੱਥਾ ਖੂਬ ਚੌੜਾ ਸੀ,ਨੇਤ੍ਰ ਮੋਟੇ ਤੇ ਦੰਦ ਸੁੰਦ੍ਰ ਸੀ,ਤੇ ਸ਼ਕਲ ਚੇਹਰਾ ਮੋਹਰਾ ਇਕ ਸੁੰਦ੍ਰ ਤਸਵੀਰ*ਵਾਂਗੂ ਮਨ ਨੂੰ ਮੋਹ ਲੈਣ ਵਾਲਾ ਸੀ.

ਹਕੂਮਤ ਤੇ ਦਬਦਬਾ ਤਾਂ ਸਰਦਾਰ ਜੀ ਦੇ ਚੇਹਰੇ ਤੋਂ ਹੀ ਪ੍ਰਗਟ ਹੁੰਦਾ ਸੀ, ਪਰ ਸੂਰਬੀਰਤਾ ਤੇ ਨਿਰਭੈਯਤਾ, ਦੇਸ਼ ਦੀ ਭਲਾਈ, ਫਰਜ਼ ਦਾ ਨਿਬਾਹੁਨਾ, ਤੇ ਸੱਚਾ ਵਤੀਰਾ ਤਾਂ ਏਨ੍ਹਾਂਦੇ ਰੋਮ ੨ ਵਿੱਚ ਕੁੱਟ ੨ ਕੇ ਭਰਿਆ ਹੋਯਾ ਸੀ, ਨਿਸ਼ਾਨਚੀ ਤੇ ਸ਼ਿਕਾਰੀ ਵੀ ਬੜੇ ਸੀ ਤੇ ਇਨਸਾਫ਼ ਪਸੰਦ ਸੇ, ਭਾਂਵੇ ਕਿਨਾ ਚਿਰ ਪਠਾਨਾਂ ਦੇ ਨਾਲ ਲੜਾਈ ਵਿੱਚ ਲੰਘਾਯਾ ਪਰ ਏਨ੍ਹਾਂ ਦਾ ਇਤਬਾਰ ਕਦੀ ਨਹੀਂ ਸੇ ਕਰਦੇ। ਮੱਤ ਉੱਚੀ ਤੇ ਸੂਝ ਅਤੇ

---

*ਸਰਦਾਰ ਜੀ ਦੀ ਸੁੰਦਰ ਤਸਵੀਰ ਅਸਾਂ ਵਲੈਤੋਂ ਬਲੌਕ ਬਣਵਾ ਕੇ ਬੜੇ ਸੁੰਦਰ ਕਿਤੇ ਵਿੱਚ ਰੰਗਾਮੇਜ਼ੀ ਛਪਵਾਈ ਹੈ, ਇਸ ਕਿਤੇ ਵਿਚ ਸਰਦਾਰ ਸ਼ਾਮਸਿੰਘ, ਬਾਬਾ ਦੀਪਸਿੰਘ, ਬਾਬਾ ਫੂਲਾ ਸਿੰਘ ਅਕਾਲੀ, ਮਹਾਰਾਜਾ ਰੰਜੀਤਸਿੰਘ, ਖੜਕਸਿੰਘ ਵ ਸ਼ੇਰ ਸਿੰਘਜੀ ਆਦਿਕਾਂ ਦੀਆਂ ਵੀ ਤਸਵੀਰਾਂ ਹਨ–ਮੁਲ ਬਾਰਾਂ ਤਸਵੀਰਾਂ ਦੇ ਕਿਤੇਦਾ ਸਿਰਫ ≡) ਜੋ ਕੁਛਵੀ ਨਹੀਂ ਹੈ, ਕੌਮੀ ਜੀਵਨ ਸੁਰਜੀਤ ਰਖਨ ਲਈ ਹਰ ਘਰ ਧਰਮਸਾਲਾ ਤੇ ਜਲਸੇ ਵਿੱਚ ਲਾਵੋ,ਦਸ ਲੈਂਨ ਤੇ -)ਫੀ ਕਿਤਾ. ਭਾਈ ਅਮਰਸਿੰਘ ਖਾਲਸਾ ਏਜੰਸੀ, ਅਨਾਰਕਲੀ, ਲਾਹੌਰ ਤੋਂ ਮਿਲੇਗੀ.

ਮਨਦੇ ਨੀਂਵੇ ਸੇ, ਇਸੇ ਵਾਸਤੇ ਬੜੇ ਹਠੀਲੇ ਦੂਰੰਦੇਸ਼ ਤੇ ਪਰੋਪਕਾਰਦਾ ਸੋਮਾ ਸੇ, ਪ੍ਰਜਾ ਤੇ ਸੈਨਾ ਨਾਲ ਖਾਸ ਸਨੇਹ ਰਖਦੇ ਤੇ ਪ੍ਰੇਮ ਕਰਦੇ, ਇਸੇ ਵਾਸਤੇ ਓਹ ਏਨ੍ਹਾਂ ਤੋਂ ਜਾਨ ਵਾਰਨ ਨੂੰ ਵੀ ਤਿਆਰ ਸਨ, ਕਿਸਮਤ ਦੇ ਵੀ ਬਲੀ ਹੀ ਸੇ, ਜਦ ਤਕ ਜੀਵੇ ਜਿਧਰ ਕਿਧਰ ਫ਼ਤਹ ਹੀ ਆਂਦੀ.

ਸਰਦਾਰ ਜੀ ਨੂੰ ਨਾਚ ਰੰਗ ਤੋਂ ਬੜੀ ਸਖਤ ਘ੍ਰਿਣਾਂਸੀ, ਤੇ ਰਨਭੂਮੀ ਨਾਲ ਬੜਾ ਪਿਆਰਸੀ, ਆਪਣਾ ਭੇਦਤੇ ਲੜਾਈਦਾ ਫੈਸਲਾ ਜਦ ਤਕ ਪੂਰਾ ੨ ਨ ਪੱਕ ਜਾਂਦਾ ਪ੍ਰਗਟ ਨਹੀਂਕਰਦੇ ਸੇ, ਏਨ੍ਹਾਂਦੇ ਸੂੰਹੇ ਵੀ ਬਹੁਤਸੀ ਜੋ ਬੜੇ ਹੁਸ਼ਿਆਰ ਤੇ ਤਜਰਬੇਕਾਰ ਸਨ ਤੇ ਅਕਸਰ ਔਕੁੜਾਂ ਨਜਿੱਠਦੇ ਸਨ. ਮਾਯਾ ਦੇ ਕੰਮਾਂ ਵਿੱਚ ਬੜੇ ਸ਼ਾਹ ਖਰਚ ਤੇ ਚਿੱਤ ਦੇ ਬੜੇ ਉਦਾਰ ਸੇ, ਮਾਯਾ ਨੂੰ ਦਾਸੀ ਜਾਨਕੇ ਵਰਤਦੇ ਸਨ, ਜਦ ਕਿਸੇ ਲੜਾਈ ਵਿੱਚ ਫਤਹ ਪਾਉਂਦੇ ਤਾਂਜੋ ਕੁਛ ਮਿਲਦਾ ਸਭ ਯਥੋਚਿਤ ਸੈਨਾਂਨੂੰ ਵੰਡ ਦੇਂਦੇ.

ਗੁਰਬਾਣੀ ਨਾਲ ਇਤਨਾ ਪ੍ਰੇਮ ਸੀ ਕਿ ਇੱਕ ਵਾਰੀ ਮਹਾਰਾਜ ਨੇ ਦਸ ਹਜ਼ਾਰ ਰੁਪਯਾ ਸ੍ਰੀ ਅੰਮ੍ਰਿਤਸਰ ਜੀ ਦਰਬਾਰ ਸਾਹਿਬ ਅਰਦਾਸ ਕਰਾਉਣ ਵਾਸਤੇ ਭੇਜਿਆ ਤਾਂ ਸ੍ਰੀ ਤਖ਼ਤ ਅਕਾਲ ਬੁੰਗੇ ਜੀ ਦੇ ਸਾਮਣੇ ਇੱਕ ਪਰਦੇਸੀ ਰਾਗੀ ਸ਼ਬਦਾਂ ਦੀ ਮਨੋਹਰ ਬਰਖਾ ਕਰ ਰਿਹਾਸੀ। ਸਰਦਾਰ ਜੀ ਓਥੇ ਬੈਠ ਗਏ ਤੇ ਜਦ ਸ਼ਬਦ ਦਾ ਰਸ ਆਯਾ* ਤਾਂ ਦਸੇ ਥੈਲੀਆਂ ਉਸੇ

---

*ਪਾਠਕ ਦੇਖਨਗੇ ਕਿ ਪਿਛਲੇ ਸਿੰਘ ਕੇਵਲ ਸ਼ਬਦ ਦੀ ਭੇਟ ਹੀ ਕਰਦੇ ਸਨ, ਨ ਕਿ ਅਜਕੱਲ ਦੇ ਕਿਸੇ ਪਖੰਡੀ ਵਿਸ਼ਈ ਪੁਜਾਰੀ ਆਦਿਕਾਂ ਦੀ, ਜੋ ਕਿ ਸ੍ਰੀ ਹਰਮੰਦਰ ਜੀ ਨੂੰ ਲੜਾਈ ਘੋਲ ਦਾ ਅਖਾੜਾ, ਗ੍ਰਹਸਤੀਆਂ ਦੀਆਂ ਨੂੰਹਾਂ ਧੀਆਂ ਨੂੰ ਤੰਗ-

ਰਾਗੀ ਸਿੰਘ ਨੂੰ ਅਰਦਾਸ ਕਰਾ ਦਿੱਤੀਆਂ, ਤੇ ਆਪਣੇ ਪਾਸੋਂ ਹੋਰ ਲੈਕੇ ਸ੍ਰੀ ਹਰਿਮੰਦਰ ਜੀ ਦੀ ਸੇਵਾ ਕੀਤੀ,ਪੁਨਿਆਤਮਾਂਵੀ ਬੜੇ ਸੀ, ਗਰੀਬਾਂ, ਅਨਾਥ, ਬਾਲਾਂ, ਰੰਡੀਆਂ ਤ੍ਰੀਵੀਆਂ, ਤੇ ਬੁਢਿਆਂ ਦੀ ਬਾਰਾਂ ਮਹੀਨੇ ਯਥੋਚਿਤ ਸਹਾਇਤਾ ਕਰਦੇ ਸੀ,

---

ਕਰਨ ਦਾ ਮੁਕਾਮ. ਅਤੇ ਪੂਜਾ ਲੈਕੇ ਵੰਡੀਆਂ ਪਾਉਣਦੀਜਗਾ ਸਮਝਦੇ ਹਨ। ਸ਼ੋਕ! ਮਹਾ ਸ਼ੋਕ!! ਕਿ ਮੈਂ ਅਜੇ ਤਕ ਕਦੀ ਨਹੀਂ ਸੁਣਿਆ ਕਿ ਏਨ੍ਹਾਂ ਪੁਜਾਰੀਆਂ ਵਿਚੋਂ ਕਿਸੇਨੇ ਵੀਆਪਨੇ ਕਿਸੇ ਕੌਮੀ ਆਸ਼੍ਰਮ ਦੀ ਸਹੈਤਾ ਕੀਤੀ ਹੋਵੇ, ਹਾਲਾਂ ਕਿ ਏਨ੍ਹਾਂ ਵਿਚੋਂ ਕਈਆਂ ਦੀ ਆਮਦਨ ਹਜ਼ਾਰਾਂ ਰੁਪਏ ਸਾਲ ਦੀ ਹੈ, ਹਾਂ ਏਹ ਜ਼ਰੂਰ ਸੁਣਿਆ ਹੈ ਕਿ ਦਯਾਨੰਦੀ ਆਸ਼੍ਰਮਾਂ ਦੀ ਮਦਦ ਵਾਸਤੇ ਤਨ,ਮਨਤੇ ਧੰਨਵੀ ਦਿੱਤਾ,ਤੇ ਸਿੰਘਾਂਨੂੰ ਦੁਖਾਤ੍ਰ ਕਰਨ ਲਈ ਆਪਨਾ ਕੂੜਾ ਹਠ ਨਿਬਾਹਿਆ (ਜੇ ਸਚਾ ਹੈ ਤਾਂ ਆਪ-ਣੀਆਂ ਓਹ ਜਾਇਦਾਦਾਂ ਜੋ ਕੇਵਲ ਇਸੇ ਆਮਦਨ ਦੀਆਂ ਬਨੀਆਂ ਹੋਈਆਂ ਹਨ ਛਡਕੇ ਕਿਸੇ ਪੰਥਿਕਕੌਮੀਕਾਰਜ ਵਿਚ ਲਗਾ ਦੇਂਨ) ਤੇ ਵੇਸ਼ਵਾ ਦੇ ਘਰ ਯਾਂ ਕਲਾਲਖ਼ਾਨੇ ਭਰੇ, ਕਈ ਧਰਮਾਤਮਾਂ ਪੁਰਸ਼ਾਂ ਦੀ ਹੇਠੀ ਕੀਤੀ,ਅਤੇ ਸਬਤੋਂ ਵਧਕੇ ਰੰਜਤੇ ਡੋਬਾ ਏਹ ਹੈ ਕਿ ਖਾਲਸਾ ਕਾਲਜ ਦੇ ਹੋਨਹਾਰ ਸਿੰਘਾਂ ਦੀ ਪਨੀਰੀ ਦੇ ਅਰਦਾਸੇਨੂੰ ਵੀ ਰੋਕਿਆ, ਐ ਕੌਮ ਜਾਗ! ਹੁਨ ਹੋਰ ਐਸੀ ਅਨੀਤਿ ਦੇ ਸਹਿਨ ਦੀ ਸ਼ਕਤੀ ਨਹੀਂ ਰਹੀ ਹੈ !!

ਐ ਖਾਲਸਾ ਕੌਮ ਜਾਗ !

(ਰਚਿਤ ਕਵੀ ਸੰਤ ਬਲਰਾਮਦਾਸਜੀ)

ਉਠ ਜਾਗ ਕੌਮ ਤੂੰ ਖਾਲਸਾ? ਕਿਉਂ ਸੋ ਗਈ ਕਿਉਂ ਸੋ ਗਈ,
ਸੈਂ ਤੇਜ ਵਾਲੀ ਜ਼ੋਰ ਵਾਲੀ ਕੀ ਹੈ ਹੋਣੀ ਹੋ ਗਈ?.

ਸਿਆਲੇ ਵਿੱਚ ਲੋਈਆਂ ਤੇ ਭੂਰੇ ਆਦਿਕ ਬਸਤ੍ਰ ਬਖਸ਼ਦੇ ਸੀ,

ਹੈ ਨਾਮ ਤੇਰਾ ਜਗਤ ਅੰਦਰ, ਵਾਂਗ ਸੂਰਜ ਚਮਕਦਾ,
ਤੇ ਕੰਮ ਤੇਰਾ ਵਿੱਚ ਦੁਨੀਆਂ ਚੰਨ ਪੂਰਣ ਦਮਕਦਾ.
ਨਾਂ ਰਹੇ ਚੇਤੇ ਉਹੁ ਚੇਤੇ ਮਰ ਗਈ ਤੂੰ ਮਰ ਗਈ!
ਹਾ! ਸ਼ੇਰ ਤੋਂ ਤੂੰ ਹੋਈ ਗਿੱਦੜ, ਨਾਮ ਖ਼ਾਲੀ ਕਰ ਗਈ!
ਜੋ ਸਿੰਘ ਪਿਛਲੇ ਬੀਰ ਬਾਂਕੇ, 'ਧਰਮ' 'ਦੇਸ਼' ਪਿਆਰੜੇ,
'ਧਰਮਵਾਲੇ' 'ਕਰਮਵਾਲੇ' 'ਸਿਦਕ' 'ਸਿੱਖੀ' ਵਾਲੜੇ,
ਉਲਟ ਪਲਟਾ ਖਾਇਕੇ, ਤੂੰ ਉਲਟ ਹੋ ਹਾਇ! ਗਿਰੀ.
ਛਡ ਉਹ! ਤਾਕਤ, ਪ੍ਰੀਤਿ,ਨੀਤੀ, ਬੁਧਿ ਹੋ ਉਲਟੀ ਫਿਰੀ.
ਸੈਂ ਪ੍ਰੇਮਵਾਲੀ, ਨੇਮਵਾਲੀ, ਖੇਮਵਾਲੀ, ਹਾਇ! ਤੂੰ,
ਹਨ ਭੁੱਲੀਆਂ ਉਹ! ਸੱਭ ਗੱਲਾਂ, ਗਈ ਮੁਰਛਾ ਖਾਇ ਤੂੰ.
ਨਾ ਰਹੀ ਪ੍ਰੀਤੀ, ਧਰਮ, ਨੀਤੀ, ਜਿਹੀ ਪੀਤੀ, ਭੰਗ ਤੂੰ,
ਹੋ ਦੁਖੀ ਸੂਰਜ ਨਵੇਂ ਹੀ, ਡਿਗ ਰਹੀ ਹੋਕੇ ਤੰਗ ਤੂੰ
ਕੀ! ਗੁਰੂ ਸੱਚੇ ਪੰਥਵਾਲੀ, ਨੇ ਕਿਹਾ ਉਪਦੇਸ਼ ਸੀ?
ਤੂੰ ਮੰਨਿਆਂ ਹੁਣ ਕੀਹ ਉਸਨੂੰ? ਆਗਿਆ ਜੁ ਵਿਸ਼ੇਸ਼ ਸੀ
ਉਠਜਾਗ! ਹੁਣ ਤੂੰ ਛੋੜ ਸੁਸਤੀ, ਧਾਰ ਚੁਸਤੀ ਸੋਚ ਲੈ.
ਹਨ ਦੁਖ ਆਏ ਪੇਸ਼ ਤੇਰੇ, ਦੇ ਬੁਹਾਰੀ ਪੋਚ ਲੈ.
ਵੇਖ ਖਾਂ ਕੀ ਹਾਲ ਹੋਇਆ? ਕੀ ਤਨੱਜ਼ਲੀ ਹੋਈ ਹਾ!!
ਧਰਮ ਤੇ ਇਸ ਦੇਸ਼ ਸੰਦੀ, ਕੀ ਬਦਲੀ ਹੋਈ ਹਾ!.
ਨਾਂ 'ਕੌਮਉੱਨਤੀ' 'ਦੇਸ਼ਉੱਨਤੀ' ਵੱਲ ਤੇਰਾ ਖਿਆਲ ਹੈ?
ਤੂੰ ਵਿੱਚ ਗੱਫਲਤ ਹੋਰ ਪਾਸੇ, ਪਗੜ ਲੀਤੀ ਚਾਲ ਹੈ.
ਇਸ ਚਾਲ ਗਫਲਤ ਵਿੱਚ ਤੇਰਾ, ਹੋ ਗਿਆ ਕੀ ਹਾਲ ਹੈ?
ਨਾਮ ਤੇਰਾ 'ਕੌਮ ਖਾਲਸ' ਹੋ ਗਿਆ ਸੁ ਜ਼ਵਾਲ ਹੈ.

ਅਤੇ ਲੰਗਰ ਤਾਂ ਬਾਰਾਂ ਮਹੀਨੇ ਹੀ ਹਰ ਇਕ ਵਾਸਤੇ ਖੁਲਾ

ਹੈ ਫੁੱਟ ਤੈਨੂੰ ਫੱਟਿਆਂ ? ਹਾ ! ਫੱਟਿਆ ਹਾ ! ਫੱਟਿਆ !
ਉੱਸ ਖੁਲਕ ਵਾਲੇ ਰੁੱਖ ਨੂੰ ! ਇਸ ਫੁੱਟ ਨੇ ਹਾ ! ਪੱਟਿਆ !
ਉਹ ! ਕੌਮਉਨਤੀ, ਦਾ ਜੁ ਰਸਤਾ, ਫੁੱਟ ਨੇ ਹਾ ! ਡੱਟਿਆ !
ਉਹ ! ਵਤਨ ਪਰ ਕੁਰਬਾਨ, ਹੋਣਾ ਫੁੱਟ ਪਿੱਛੇ ਸੱਟਿਆ !
ਉਹ ! ਢੰਗ ਤੇਰਾ; ਰੰਗ ਤੇਰਾ, ਮਾਨ, ਤੇਰਾ ਸ਼ਾਨ, ਜੋ !
ਉਹ ! ਗਜਾਨ ਤੇਰਾ ! ਧਜਾਨ ਤੇਰਾ ! ਨਾਮ ਸੀ ਬਲਵਾਨ ਜੋ !
ਉਹ ! ਚਮਕ ਤੇਰੀ ! ਦਮਕ ਤੇਰੀ ! ਰਮਕ, ਤੇਰੀ ਤੇਜ਼ ਜੋ !
ਉਹੋ ! ਭਗਤੀ ! ਉਹੋ ! ਸ਼ਕਤੀ, ਬੁੱਧਿ ! ਤੇ ਪਰਹੇਜ਼ ਜੋ !
ਹਾਏ ਕਿਥੇ ! ਖੰਭੁ ਲਾਕੇ, ਉੱਡ ਯਾ ਉਹ ਛੱਪ ? ਹਾ !
ਤੂੰ ਹੋਈ ਪਿੰਨਸ਼ਨ ਯਾਫਤਾ ! ਹੁਣ ਨਾਮ ਤੇਰਾ ਗ਼ਪ ਹਾ !
ਤੈਨੂੰ ਮਾਰਨੇ ਨੂੰ ਦੁਸ਼ਮਨਾਂ ਨੇ, ਹੱਥ ਪਗੜੀ ਸੈਫ਼ ! ਹੈ,
ਤੂੰ ਵਿੱਚ ਨੀਂਦਰ ਘੂਕ ਸੁੱਤੀ ! ਹੈਫ ! ਤੈਨੂੰ ਹੈਫ਼ !! ਹੈ.
ਛਡ ਗਫਲਤਾਂ ! ਬਰਬਾਦੀਆਂ ! ਹੁਣ ਉਠ ਤੂੰ ! ਹੁਣ ਉਠ ਤੂੰ !
ਛਡ ਈਰਖਾ, ਤੇ ਵੈਰ ਫੁੱਟ ਨੂੰ, ਹੋ ਜਾ ਇਕੋ ਮੁੱਠ ਤੂੰ !
ਕਰ 'ਕੌਮਉੱਨਤੀ' 'ਧਰਮਉਨਤੀ' 'ਦੇਸ਼ਉਨਤੀ' ਜਲਦ ਤੂੰ !
ਖ਼ਾਤਰ ਤਰੱਕੀ ਪਾ ਪੰਜਾਲੀ ! ਗਲ਼ ਦੇ ਵਿੱਚ ਹੋ ਬਲਦ ਤੂੰ !
ਤੂੰ ! ਵੈਰੀਆਂ ਨੂੰ ਮਾਰਿਆ ! ਬੇਧਰਮੀਆਂ ! ਨੂੰ ਮਾਰਿਆ,
ਤੂੰ ਜ਼ਾਲਿਮਾਂ ਨੂੰ ਮਾਰਿਆ ! ਬੇਸ਼ਰਮੀਆਂ ! ਨੂੰ ਮਾਰਿਆ.
ਤੂੰ ! ਦੰਭੀਆਂ ਨੂੰ ਮਾਰਿਆ ! ਤੇ ਕੁਕਰਮੀਆਂ ਨੂੰ ਮਾਰਿਆ.
ਤੂੰ ! ਦੁੱਖ ਝੇਲੇ ਸੀਸ ਡਾਹਢੇ, 'ਧਰਮ' 'ਦੇਸ਼' ਉਭਾਰਿਆ,
ਹੁਣ ਕਿਉਂ ਤੂੰ ! ਸੁਸਤੀ, ਅਤੇ ਆਲਸ, ਨੀਂਦ ਨੂੰ ਹੈ ਧਾਰਿਆ ?
ਹੁਣ ਕਿਉਂ ਤੂੰ ! ਅਪਣੇਂ ਪ੍ਰੇਮ ਵਾਲੇ, ਖਿਆਲ ਨੂੰ ਹੈ ਟਾਰਿਆ ?

ਵਰਤਦਾ ਸੀ.

Engineering tractics ਇਮਾਰਤ ਦੇ ਕੰਮ ਦੀ ਸਮਝ ਵੀ ਸਰਦਾਰਜੀਵਿੱਚ ਬਹੁਤਸੀ, ਇਸੇਵਾਸਤੇ ਜਮਰੋਦ ਜੈਸੀ ਸਖਤ ਕਰੜੀ ਪਥਰੀਲੀ ਧਰਤੀ ਵਿੱਚੋਂ ਵੀ ਖੂਹ ਦਾ ਪਾਣੀ ਕਢ ਲਿਆ, ਹਰੀਪੁਰ ਨੂੰ ਸੁੰਦਰ ਢਾਂਚੇ ਤੇ ਬਸਾਯਾ, ਪੰਜੇ ਸਾਹਿਬ ਦੇ ਗੁਰਦੁਵਾਰੇ ਦਾ ਮੰਦਰ ਤੇ ਤਾਲ ਵੀ ਏਨਾਂਦੀਸਮਝ ਦਾ ਹੀ ਨਤੀਜਾ ਹੈ, ਮਹਾਰਾਜਾਰੰਜੀਤਸਿੰਘਜੀਦੇ ਪਿਤਾ ਸਰਦਾਰ ਮਹਾਂਸਿੰਘ ਜੀ ਦੀ ਸਮਾਧ ਜੋ ਗੁਜਰਾਂਵਾਲੇ ਵਿੱਚ ਹੈ ਉਸਦਾ ਨਕਸ਼ਾ (Design) ਵੀ ਏਨਾਂ ਨੇ ਹੀ ਬਨਾਯਾ ਸੀ, ਮੰਨ

ਹੁਣ ਕਿਉਂ ਤੂੰ! ਅਪਣੀਂਧਰਮਉੱਨਤੀਦਾਪਿਆਰਨਿਵਾਰਿਆ?
ਹੁਣ ਕਿਉਂ ਤੂੰ! ਅਪਣੇਂ ਪੈਰ ਉਤੇ! ਹਾ! ਕੁਹਾੜਾ ਮਾਰਿਆ?
ਉਠ! ਹੋ ਉਦਾਰ ਵਿਚਾਰ ਕਰਕ ਧਾਰ ਉਹ! ਬਲਕਾਰ ਤੂੰ!
ਕਰ ਉਹੋ! ਅਪਣਾਂ ਨਾਮ ਸੁਫਲਾ, ਸੋਚ ਗੁਹਝ ਵਿਚਾਰ ਤੂੰ!
ਫਿਰ ਸ਼ੇਰ ਹੋਕੇ ਕਰ ਦਲੇਰੀ! ਸ਼ੇਰ ਨਾਹਰਾ ਮਾਰ ਤੂੰ!
ਹਾ! ਦੁਖ ਡਾਢੇ ਆਏ ਸਿਰਤੇ, ਬਣੀਂ ਮਦਦਗਾਰ ਤੂੰ!
ਕਰ ਨੇਮ ਅਜ ਤੋਂ ਇਹੋ ਪੱਕਾ! 'ਕੌਮਉਨਤੀ' ਭਾਵਣੀਂ,
ਤੇ ਦੂਸਰੀ ਨਿਜ ਧਰਮ ਵਾਲੀ, ਵਿੱਦਿਆ ਫੈਲਾਂਵਣੀਂ.
ਹੈ ਫੁੱਟ ਤੀਜੀ 'ਕੌਮ' ਅੰਦਰ ਸੋ ਬਾਹਰ ਮਾਰ ਵਗਾਵਣੀਂ,
ਤੇ ਚੌਥੇ ਸਭ ਭਾਈ ਮਿਲਕੇ ਦੇਸ਼ ਉਨਤੀ ਚਾਂਹਵਣੀਂ.
ਪੰਜਵੇਂ ਨਿਕੰਮੇ ਕੰਮ ਛਡ ਨਿਜ ਕਰਮ ਵਲ ਤੂੰ ਧਿਆਨ ਦੇ.
ਦਸਤਕਾਰੀ ਨਾਲ ਛੇ ਛਾਰ ਕਰ ਨੁਕਸਾਨ ਦੇ.
ਬਸ! ਏਹ ਗਲਾਂ ਧਾਰਕੇ ਜੜ ਪੁਟ ਦੁਖ ਤਮਾਮ ਦੀ.
ਦੁਖ ਦੂਰ ਹੋਸਨ ਸੱਚ ਸਮਝੀਂ ਜ਼ਾਮਨੀ 'ਬਲਰਾਮ' ਦੀ.

੧੮੩੫ ਤੇ ੧੮੩੬ ਵਿੱਚ ਬਾਲਾ ਹਸਾਰ ਦਾ ਨਵਾਂ ਕਿਲਾ ਬਨਾਯਾ ਜੋ ਏਨਾਂ ਦੀ ਯਾਦਗਾਰ ਦਸਦਾ ਹੈ.

ਸਰਦਾਰ ਜੀ ਦਾ ਨਾਮ ਬਾਘਮਾਰ ਵੀ ਹੈ ਤੇ ਅੰਗ੍ਰੇਜ਼ ਆਪ-ਨੀਆਂ ਤਵਾਰੀਖਾਂ ਵਿੱਚ Tiger- Killer ਦੀਉਪਮਾਂ ਦੇਂਦੇ ਹਨ, ਇਕਦਿਨਸਰਦਾਰਜੀਦਸਤਾਰਸਜਾਰਹੇਸੀ, ਕਿਸੇਆਦਮੀ ਨੇ ਆਕੇ ਖਬਰ ਦਿੱਤੀ ਕਿ ਸਰਦਾਰਜੀ ਸ਼ੇਰ ਸਾਡੀਆਂ ਪੈਲੀਆਂ ਵੈਰਾਨ ਕਰਦਾ ਹੈ, ਇਸ ਨੂੰ ਸੁਣਦੇ ਹੀ ਦਸਤਾਰ ਬੰਨਦੇ ੨ ਤੁਰੀ ਗਏ ਤੇ ਪੁੱਛਦੇ ਜਾਂਦੇ ਕਿ ਸ਼ੇਰ ਕਿਥੇ ਹੈ ? ਕੁਛ ਦੂਰ ਜਾਕੇ ਉਸ ਆਦਮੀ ਨੇ ਮਕਈ ਦੀ ਪੈਲੀਦੇ ਸਿਰੇ ਤੇ ਸ਼ੇਰਖੜਾਦਸਿਆ, ਏਹ ਦੇਖਕੇ ਸਰਕਾਰ ਜੀ ਨੇ ਤਲਵਾਰ ਗਾਤ੍ਰੇ ਵਿੱਚੋਂ ਧੂਹ ਲਈ, ਤੇ ਢਾਲ ਖਬੇ ਹੱਥ ਵਿੱਚ ਲਈ ਸਿਧੇ ਸੇਰ ਵਲ ਭੱਜ ਗਏ, ਅੱਗੋਂ ਸ਼ੇਰ ਵੀ ਜੁਵਾਨ ਬਲੀਸੀ, ਭਬੱਕਕੇ ਉਛਲਯਾ ਤੇ ਸਰਦਾਰ ਜੀ ਤੇ ਝਪਟਿਆ, ਸਰਦਾਰ ਜੀ ਨੇ ਉਸਦੇ ਪੰਜੇ ਢਾਲ ਤੇ ਝੱਲ ਕੇ ਤਲਵਾਰ ਨਾਲ ਉਸਦਾ ਪੇਟ ਚੀਰ ਦਿੱਤਾ.

ਜਦ ਦਿਨ ਬਦਿਨ ਪਠਾਨਾਂ ਦੀ ਲੁਟਮਾਰ ਕੁਕਰਮ ਨੂੰ ਰੋਕ ਪੈ ਗਈ ਪਰ ਏਨ੍ਹਾਂ ਦੇ ਗਾਜ਼ੀ ਪੁਣੇ ਦਾ ਵਹਿਮ ਨ ਘਟਿਆ ਵੇਖਯਾ ਤਾਂ ਜਾਨਕੇ ਓਨ੍ਹਾਂ ਜਹਾਦੀ ਗਾਜ਼ੀਆਂ ਦਾ ਹੌਸਲਾਤੋੜਨ ਵਾਸਤੇ ਓਨ੍ਹਾਂਦੇ ਮੁਰਦਿਆਂਨੂੰ ਅੱਗ ਵਿੱਚ ਸੜਵਾਯਾ, ਤੇ ਕੁਛਕੁ ਜਹਾਦੀ ਜੋਸ਼ ਦੇ ਭੂਤ ਨੂੰ ਠੰਡਾ ਕੀਤਾ, ਤੇ ਗਾਜ਼ੀਆਂ ਨੂੰ ਸਿੱਖਯਾ ਦਿੱਤੀ ਕਿ ਏਹ ਤੁਹਾਡਾ ਜੋਸ਼ ਝੂਠਾ ਹੈ, ਭਾਵੇਂ ਪਠਾਨਾਂ ਤੇ ਇਤਬਾਰ ਨਹੀਂ ਸੇ ਕਰਦੇ ਪਰ ਤਦ ਵੀ ਮੁਲਕੀ ਜ਼ਰੂਰੀਆਤ ਵਾਸਤੇ ਕਈਆਂ ਨੂੰ ਖਾਨ ਤੇ ਨੁਵਾਬੀ ਦੀ ਦੁਮ ਵੀ ਲਾ ਛਡਦੇ,

ਏਨ੍ਹਾਂ ਦੀ ਸਾਲਾਨਾ ਜਾਗੀਰ ਉਸ ਵਕਤ ੮੫੨੬੦੮ ਅਠ ਲਖ, ਬਵਿੰਜਾ ਹਜ਼ਾਰ, ਛੇ ਸੌ ਅਠ ਰੁਪਯੇ ਦੀ ਸੀ, ਤੇ ਏਹ ੨

ਇਲਾਕੇ ਸਾ ਗੁਜਰਾਂਵਾਲਾ, ਕਛੀ, ਨੂਰਪੁਰ, ਕਲਰਕਹਾਰ, ਸ਼ੇਖੋਵਾਲ, ਥੰਨੂੰ ਡੇਰਾਜਾਤ, ਮਿਠਾ ਟਿਵਾਨਾ, ਡਨਾ ਖਤਕ, ਖਾਨਪੁਰ, ਧਮਤੌਰ ਹਜ਼ਾਰਾ, ਤੇ ਬਹੁਤ ਸਾਰਾ ਹਿਸਾ ਪਿਸ਼ਾਵਰ ਤੇ ਰਾਵਲਪਿੰਡੀ ਦੇ ਜ਼ਿਲਿਆਂ ਦਾ ਵੀ ਸੀ, ਜਿਸਦੇ ਬਦਲੇ ਦੋ ਤੋਪਖਾਨੇ ਤੇ ਦੋ ਰਸਾਲੇ ਸਰਦਾਰ ਜੀ ਹਮੇਸ਼ਾਂ ਆਪਨੇ ਨਾਲ ਰਖਦੇ.

Sir Lepel Griffin ਸਰ ਲੈਪਿਲ ਗ੍ਰਿਫਨ ਸਾਹਿਬ ਦੀ ਪ੍ਰਸਿਧ ਮਾਨਨੀਯ ਤਵਾਰੀਖ਼ ਦਸਦੀ ਹੈ, ਕਿ ਜਿਤਨੀ ਜਾਇਦਾਦ ਮਾਲ ਅਸਬਾਬ ਮ੍ਰਿਤਯੂ ਸਮਯ ਸਰਦਾਰ ਹਰੀ ਸਿੰਘ ਜੀਦੇ ਪਾਸ ਸੀ ਉਤਨਾ ਹੋਰ ਕਿਸੇ ਸਰਦਾਰ ਪਾਸ ਉਸ ਵਕਤ ਨਹੀਂ ਸੀ, ਏਨ੍ਹਾਂਦੇ ਪਿਛੋਂ ਘਰ ਵਿੱਚ ਮਤ੍ਰੇਏ ਭਰਾਵਾਂਦੀ ਫੁੱਟ ਫੁੱਟ ਨਿਕਲੀ, ਇਸਵਾਸਤੇ ਮਹਾਰਾਜਾ ਰੰਜੀਤਸਿੰਘ ਜੀਨੇ ਸਬ ਜਾਗੀਰ ਜ਼ਬਤ ਕਰਕੇ ਕੇਵਲ ਬੀਸ ਹਜਾਰ ੨੦੦੦੦) ਸਾਲਾਨਾ ਦਾ ਇਲਾਕਾ ਹੀ ਰਹਿਨ ਦਿੱਤਾ, ਤੇ ਘਰਦਾ ਹੋਰਮਾਲ ਅਸਬਾਬ ਵੀ ਅੱਸੀ ਲੱਖ ਤੋਂ ਜ਼ਿਆਦਾ ਕੀਮਤ ਦਾ ਜਬਤਕਰ ਲਿਆ, ਕਹਿੰਦੇ ਹਨ ਕਿ ਲਾਹੌਰੀ ਬ੍ਰਾਹਮਣ ਵਜ਼ੀਰਾਂਨੇ ਏਹਨਾਂ ਦੇ ਪਿਛਲਿਆਂ ਨੂੰ ਪਿਛੋਂ ਬੜੇ ੨ ਕਸ਼ਟ ਦਿੱਤੇ.

ਸਰਦਾਰ ਜੀ ਦੇ ਕਿਲੇ, ਬਾਗ਼ ਤੇ ਹੋਰ ਸੂਰਬੀਰਤਾ ਦੇ ਕਾਰ ਨਾਮਿਆਂ ਬਾਬਤ ਮਿਸ਼ਟਰ ਡੇਵਿਡ ਰੋਸ ਸਾਹਿਬ ਲਿਖਦੇ ਹਨ.

"Gujranwala, forty two miles north of Lahore, was the residence of the celebrated Sardar Hari Singh Nalwa, the most *dauntless of all the* Sikh chieftains whose fort has been dismantled, the Garden once contained within its ramparts, is one of the finest in the Punjab. It abounds in fine fruit trees specially orange

trees originally imported from *Malta* by General Avilabile of theSikh service. The fragrance from this superb collections of shrubs and flowers is delightful The *deeds of heroic daring traditionally imputed to Hari Singh Nalwa would fill a volume.* "

(ਤਰਜਮਾ) ਪਰਮ ਪ੍ਰਸਿਧ ਨਿਰਭੈ ਸਰਦਾਰ ਹਰੀਸਿੰਘ ਨਲੂਆ ਗੁਜਰਾਂਵਾਲੇ ਦੇ ਰਹਿਨ ਵਾਲੇ ਸੀ, ਏਨਾਂ ਦਾ ਕਿਲਾ ਗਿਰਾ ਦਿੱਤਾ ਗਿਆ ਹੈ, ਇਸ ਵਿੱਚ ਕਦੀ ਐਸਾ ਬੇਨਜ਼ੀਰ ਬਾਗ਼ ਸੀ, ਕਿ ਜਿਸਦੇ ਨਾਲ ਦਾ ਪੰਜਾਬ ਵਿੱਚ ਕਿਧਰੇ ਨਹੀਂ ਸੀ, ਇਸ ਵਿੱਚ ਬੜੇ ੨ ਸ੍ਵਾਦਿਸ਼ਟ ਫਲਾਂ ਦੇ ਬੂਟੇ ਸਨ, ਖਾਸਕਰ ਕੇ ਸੰਤ੍ਰੇ ਜਿਨਾਂ ਦਾ ਬੀਜ ਜਨਰਲ ਅਵੈਲਾਬਿਲ ਸਾਹਿਬ ਨੇ (ਜੋ ਮਹਾਰਾਜਾ ਰੰਜੀਤਸਿੰਘ ਜੀ ਦੇ ਨੌਕਰ ਸੀ) ਮਾਲਟਾ ਨਾਮੇ ਵਲੈਤੀ ਦੀਪ ਤੋਂ ਆਂਦਾ ਸੀ, ਇਸ ਬਾਗ਼ ਦੇ ਬੂਟਿਆਂ ਤੇ ਫਲਾਂ ਦੀ ਖੁਸ਼ਬੂ ਬੜੀ ਮਨ ਮੋਹਨੀ ਸੀ, ਸਰਦਾਰ ਹਰੀਸਿੰਘ ਨਲੂਏ ਦੀ ਬਹਾਦਰੀ ਤੇ ਨਿਰਭੈਯਤਾਦੇ ਕਾਰਨਾਮੇਂ ਐਸੇਹਨ,ਕਿ ਏਨਾਂ ਦੀਆਂ ਕਹਾਨੀਆਂ ਤੁਰੀਆਂਹੋਈਆਂ ਹਨ,ਤੇਜੇਸਾਰੇ ਲਿਖੇ ਜਾਨ ਤਾਂ ਇਕ ਬੜੀ ਵਡੀ ਕਿਤਾਬ ਬਨ ਜਾਵੇ. ਮਸ਼ਹੂਰ ਇਤਹਾਸ ਕਾਰ ਸਰ ਲੈਪਿਲ ਗ੍ਰਿਫਨ ਸਾਹਿਬ ਲਿਖਦੇ ਹਨ.

Sir Lepel Griffin observes " that the most famous of the fighting chief as was the one to whom theRanjit Singh was *most attached was Hari Singh Nalwa.* He was not only the *bravest* but *most skilful* of all Ranjit Singh's Generals, and was employed to *command* all *expeditions of exceptional difficulty.*

(ਤਰਜਮਾਂ) ਜੰਗੀ ਸਰਦਾਰਾਂ ਵਿੱਚੋਂ ਸਬ ਤੋਂ ਜ਼ਿਆਦਹ ਮਸ਼ਹੂਰ ਜਿਸ ਨਾਲ ਸਭਤੋਂ ਵਧੀਕ ਸਨੇਹ ਮਹਾਰਾਜਾ ਰੰਜੀਤ ਸਿੰਘਜੀ ਰਖਦੇਸੀ,ਓਹਸਰਦਾਰ ਹਰੀਸਿੰਘ ਨਲੂਆ ਸੀ. ਓਹ ਨ ਕੇਵਲ ਸਬਤੋਂ ਚੁਣਿਆ ਹੋਯਾ ਬਹਾਦਰ ਸੀ,ਬਲਕਿ ਸਬਤੋਂ ਜ਼ਿਆਦਾ ਹੁਸ਼ਿਆਰ ਤੇ ਦਾਨਾ ਵੀ ਸੀ, ਅਤੇ ਜਦ ਕਦੀ ਕੋਈ ਖਾਸ ਔਕੜ ਦੀ ਲੜਾਈ ਪੈਂਦੀ ਤਾਂ ਸਰਦਾਰ ਹਰੀਸਿੰਘ ਜੀ ਹੀ ਉਸ ਮੁਹਿਮ ਨੂੰ ਸਰ ਕਰ ਦੇਣ ਲਈ ਜਾਂਦੇ.

ਵਿਦਯਾ–ਸਰਦਾਰ ਜੀ ਉਸ ਵਕਤ ਦੀਆਂ ਪ੍ਰਚਲਿਤ ਵਿਦਯਾ ਗੁਰਮੁਖੀ ਤੇ ਫਾਰਸੀ ਹੱਛੀ ਜਾਨਦੇ ਸੀ, ਪਸ਼ਤੋ ਬੋਲੀ ਚੰਗੀ ਤ੍ਰਾਂ ਬੋਲ ਸਮਝ ਸਕਦੇ ਸੀ.

ਘਰ ਦੀ ਬਾਬਤ–ਬੈਰਨ ਹਿਊਗਲ ਪ੍ਰਸਿੱਧ ਜਰਮਨ ਸਿਆਹ (ਦੇਸ ਪ੍ਰਦੇਸ ਫਿਰਕੇ ਹਾਲ ਲਿਖਨ ਵਾਲਾ) ਨੇ ੮ਜਨਵਰੀ ੧੮੩੬ ਈ: ਨੂੰ ਜਦ ਗੁਜਰਾਂ ਵਾਲੇ ਆਯਾ ਤਾਂ ਏਹ ਲਿਖਯਾ, ਕਿ ਸਰਦਾਰ ਜੀ ਦੀ ਹਵੇਲੀ ਵਿੱਚ ਕਸ਼ਮੀਰੀ ਤੇ ਕਾਬਲੀ ਚਾਦਰਾਂ ਸਜੀਆਂ ਹੋਈਆ ਸਨ, ਬਾਗ਼ ਵਿੱਚ ਚੀਲ ਦੇ ਦਰਖਤ ਵੀ ਸੀ, (ਸ਼ੋਕ ਕਿ ਪਿਛੋਂ ਨ ਦੇਖਨ ਕਰਕੇ ਸੜ ਗਏ, ਕਰਤਾ). ਬਾਗ਼ ਦੀ ਖੁਸ਼ਬੂਦਾਰ ਮਹਿਕ ਬੜੀ ਹੀ ਮਨ ਹੁਲਾਸ ਕਰਨ ਵਾਲੀ ਤੇ ਮਨ ਮੋਹਨੀ ਸੀ.ਸਰਦਾਰ ਜੀ ਦੇ ਦੀਵਾਨ ਭਾਈ ਧਿਆਨਸਿੰਘ ਜੀ ਨੇ ਮੈਨੂੰ ਓਹ ਤਸਵੀਰ ਦਿੱਤੀ ਕਿ ਜਿਸ ਵਿੱਚ ਸਰਦਾਰ ਜੀ ਬਾਘ ਮਾਰ ਰਹੇ ਸੀ."

ਨਲੂਆ ਨਾਮ ਕਿਉਂ ਪੈਗਿਆ.(੭੯)

ਸੁਨਦੇ ਹਾਂ ਕਿ ਏਹ ਛੋਟੀ ਉਮਰ ਵਿੱਚ ਹੀ ਆਪਨੀਆਂ ਬਹਾਦਰੀਆਂ ਦੇ ਕਾਰਨ, ਮਹਾਰਾਜਾ ਰੰਜੀਤਸਿਘ ਜੀ ਦੇ ਨਾਲ

ਸ਼ਿਕਾਰਿਆਦਿਕ ਵਿੱਚਜਾਨਲਗਾਪਏਸੀ,ਸੋਕਹਿੰਦੇਹਨਕਿ ਇਕ ਦਿਨ ਸ਼ਿਕਾਰ ਗਏ ਹੋਏ ਸਨ, ਕਿ ਮਹਾਰਾਜਾ ਰੰਜੀਤਸਿੰਘ ਜੀ ਦੇ ਨਲ ਉਤ੍ਰ ਗਏ, ਬੜੀ ਪੀੜ ਹੋਈ, ਜੰਗਲ ਵਿੱਚ ਵੈਦ ਹਕੀਮ ਕਿਥੇ ? ਵਿੱਚੋਂ ਕਿਸੇ ਸਿਆਨੇ ਨੇ ਦਸਿਆ ਕੇ ਜੇਕਰ ਨਲਾਂ ਉਤੇ ਕਪੜਾ ਰਖਕੇ ਮੂੰਹ ਦੀ ਹਵਾੜ ਪੁਚਾਈ ਜਾਵੇ ਤਾਂ ਉਮੈਦ ਹੈ ਜੋ ਆਰਾਮ ਹੋ ਜਾਵੇਗਾ.

ਮਹਾਰਾਜੇ ਨੇ ਏਨਾਂ ਵਲ ਸਹੈਤਾ ਦੀ ਨਜ਼ਰ ਨਾਲ ਤਕਿਆ, ਜਿਸਨੂੰ ਦੇਖਕੇ ਏਸ ਬਹਾਦਰ ਨੇ ਫੌਰਨ ਕਪੜਾ ਮੂੰਹ ਤੇ ਰਖਕੇ ਗਦੀ ਨਾਲ ਹਵਾੜ ਪੁਚਾਈ, ਤੇ ਸੁਆਮੀ ਸੇਵਾ ਦਾਐਸਾਸਬੂਤਦਿੱਤਾ ਕਿ ਕਥਨ ਤੋਂ ਬਾਹਰਹੈ,ਅਕਾਲਪੁਰਖਦੀ ਕ੍ਰਿਪਾਨਾਲ ਇਸੇਇਲਾਜ ਨਾਲਮਹਾਰਾਜਜੀਵੀ ਰਾਜ਼ੀਹੋਗਏ.

ਏਹ ਵੀ ਸੁਨਿਆ ਹੈ ਕਿ ਚੂੰਕਿ ਸਰਦਾਰ ਜੀ ਬੜੇ ਉਘੇ ਬਹਾਦਰ ਤੇ ਹਥ ਦੇ ਸਖੀ ਸਨ, ਇਸ ਵਾਸਤੇ ਪੁਰਾਨੇ ਸਮੇਂ ਦੇ ਰਾਜੇ ਨਲ ਦੀ ਉਪਮਾ ਦਿੱਤੀ ਜਾਂਦੀ ਰਹੀ, ਸੋ ਏਹ ਲਫ਼ਜ਼ ਵਿਗੜ ੨ ਕੇ ਨਲੂਆ ਹੋਗਿਆ, ਮਾਲੂਮ ਹੁੰਦਾ ਹੈ ਕਿ ਏਹ ਠੀਕ ਹੈ.

ਗੁਰਬਾਣੀ ਨਾਲ ਸਰਦਾਰ ਜੀ ਦਾ ਬੜਾ ਹੀ ਪ੍ਰੇਮ ਸੀ ਤੇ ਨਿਤਨੇਮ ਰੋਜ਼ ਨੇਮ ਨਾਲ ਨਿਬਾਹੁੰਦੇ ਸੇ.

ਪਿਆਰੇ ਪਾਠਕ ਜੀ ਆਪ ਏਨਾਂ ਗੁਣਾਂ ਤੇ ਪਿਛਲੀ ਵਾਰਤਾ ਨੂੰ ਪੜ੍ਹਕੇ ਬਿਚਾਰੋ, ਤੇ ਦੇਖੋ ਕਿ ਏਹ ਸਬ ਬਹਾਦਰੀ, ਧਰਮ, ਦਯਾ, ਪ੍ਰੋਪਕਾਰ ਆਦਿਕ ਸੁਭਿ ਗੁਣ ਕਿਸ ਤਰਾਂ ਨਾਲ ਸਰਦਾਰ ਜੀ ਦੇ ਵਿੱਚ ਕੁੱਟ੨ ਕੇ ਭਰੇ ਗਏ ਸੀ,ਸੋ ਇਸਦਾ ਉਤ੍ਰ ਛੋਟਾ ਜੇਹਾ (ਕਹਿਨ ਨੂੰ ਛੋਟਾ ਪਰ ਕਮਾਵਣ ਨੂੰ ਅਤੀ ਕਠਨ) ਏਹ ਹੈ ਕਿ ਸਰਦਾਰਜੀ ਨਿਤਨੇਮ ਦੇ ਪੂਰੇ,ਕਹਿਣੀ ਤੇ ਕਰਣੀ

ਦੇ ਸੂਰੇ ਸੀ, ਅਤੇ ਕੇਵਲ ਇੱਕ ਅਕਾਲ ਪੁਰਖ ਦਾ ਆਸਰਾ ਰਖਨ ਕਰਕੇ ਸ੍ਰੀਗੁਰੂ ਗੋਬਿੰਦਸਿੰਘ ਜੀ ਦੇ ਅੰਮ੍ਰਿਤ ਦੀ ਸਚੀ ਸ਼ਕਤੀ ਤੇ ਬਲ ਪਾਕੇ, ਤੇ ਸਰਬੋਪੁਰੀ ਮਾਨਨੀਯ ਗੁਰਵਾਕਾਂ ਤੇ ਅਮਲ ਕਰਨ ਨਾਲ ਏਹ ਸੁਭਿਗੁਣ ਏਨਾਂਵਿੱਚ ਭਰਪੂਰ ਦਿਸਦੇ ਸੀ, ਸੋ ਹੁਨ ਛਡੋ ਦੂਸਰੀਆਂ ਕਚੀਆਂ ਓਟਾਂਤੇ ਆਸਰੇ! ਫੜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਣ! ਜਾਣੋ ਹਰ ਇਕ ਸਿੰਘ ਨੂੰ ਸਹੋਦਰ ਭਾਈ ਤਾਂ ਦੇਖੋ ਕਿ ਕੌਮ ਜਿਸਦੀ ਕਿ ਬੇੜੀ ਪਵਿਤ੍ਰ ਜ਼ਿੰਦਗੀਆਂ ਦੇ ਕਿੱਲਾਂ ਦੇ ਘਾਟੇ ਕਰਕੇ ਜਰਜਰੀ ਹੋ ਰਹੀ ਹੈ ਕਿਤਨੀ ਜਲਦੀ ਤਰੱਕੀ ਕਰਦੀ ਹੈ! ਓਹ ਨ ਹੋਵੇ ਕਿ "ਗਲਾਂ ਵਾਲੇ ਹੈਨ ਘਣੇਰੇ ਛਡ ਨ ਸਕੇ ਕੋਈ" ਗੁਰੂ ੨. ਛਡ ਦੇਵੋ ਕਹਿਣੀ ਤੇ ਦੱਸੋ ਕਮਾਕੇ ਕਰਣੀ! ਅਤੇ ਮਨ ਦੇ ਸਦਾ ਨੀਂਵੇ ਤੇ ਮਤ ਦੇ ਉਚੇ ਤੇ ਉਜਲ ਰਹੋ.

ਸੰਤਾਨ (੮੦)

ਸਰਦਾਰ ਹਰੀਸਿੰਘ ਜੀ ਦੇ ਚਾਰ ਪੁਤ੍ਰ ਸੇ, ਜਿਨਾਂ ਵਿੱਚੋਂ ਸਰਦਾਰ ਗੁਰਦਿਤਸਿੰਘ ਜੀ ਤੇ ਸਰਦਾਰ ਜੁਵਾਹਰ ਸਿੰਘ ਜੀ ਪਹਿਲੀ ਸਿੰਘਨੀ ਵਿੱਚੋਂ ਸੇ,ਤੇ ਸਰਦਾਰ ਪੰਜਾਬਸਿੰਘ ਜੀ ਤੇ ਸਰਦਾਰ ਅਰਜਨ ਸਿੰਘ ਜੀ ਦੂਸਰੀ ਸਿੰਘਨੀ ਵਿੱਚੋਂ ਸੇ, ਏਨ੍ਹਾਂ ਵਿੱਚੋਂ ਸਰਦਾਰ ਅਰਜਨਸਿੰਘ ਜੀਦੀ ਸੰਤਾਨ ਸਰਦਾਰ ਇਛਰਾ ਸਿੰਘ ਜੀ ਤੇ ਸਰਦਾਰ ਸੰਪੂਰਨਸਿੰਘ ਜੋ ਰਹੇ, ਸਰਦਾਰ ਹਰੀ ਸਿੰਘ ਜੀ ਦੇ ਪੁਤ੍ਰ ਸਾਰੇ ਹੀ ਬਹਾਦਰ ਸੇ,ਸਰਦਾਰ ਇੱਛਰਾਸਿੰਘ ਜੀ ਅਜ ਕੱਲ ਸਰਕਾਰੋਂ ੨੧੩੩) ਸਾਲਾਨਾ ਜਾਗੀਰ ਪਾਉਂਦੇ ਹਨ, ਤੇ ਬਹੁਤ ਸਾਰੀ ਜ਼ਮੀਨ ਤੇ ਬਾਗਾਂ ਤੇ ਮਕਾਨਾਤ ਆਦਿਕ ਦੇ ਮਾਲਕ ਹੰਨ, ਅਤੇ ਗੁਜਰਾਂਵਾਲੇ ਦੇ ਇਕ ਨਾਮੀ

ਰਈਸ ਸਰਦਾਰ ਹਨ, (ਹੁਨ ਥੋੜੇ ਦਿਨ ਹੋਏ ਚਲਾਣਾ ਕਰ ਗਏ ਹਨ) ਇਨ੍ਹਾਂ ਦੇ ਖਾਨਦਾਨ ਵਿੱਚੋਂ ਸਰਦਾਰ ਤੀਰਥਸਿੰਘ ਜੀ ਵੀ ਧਰਮ ਕਾਰਜਾਂ ਵਿੱਚ ਚੰਗਾ ਹਿੱਸਾ ਲੈਂਦੇ ਹਨ, ਸਰਦਾਰ ਜਵਾਹਰ ਸਿੰਘ ਜੀ ਦੀ ਬਹਾਦਰੀ ਦਾ ਹਾਲ ਤੇ ਰਸਾਲਦਾਰ ਮੇਜਰ ਕੁਦਰਤ ਉਲਾਖਾਂ ਦਾ ਬਖੇੜਾ, ਬ੍ਰਿਟਿਸ਼ ਰਾਜ ਦੇ ਸਚੇ ਨਯਾਯ ਦਾ ਫੋਟੋ, ਕਿਸੇ ਜਗਹ ਮੌਕਾ ਮਿਲਨ ਤੇ ਫਿਰ ਦਸਿਆ ਜਾਵੇਗਾ.

ਉਪਦੇਸ਼ (੯੧)

ਪਿਆਰੇ ਪਾਠਕੋ ! ਆਪਨੇ ਏਹ ਸਰਦਾਰ ਹਰੀ ਸਿੰਘ ਜੀ ਸੂਰਬੀਰ ਦਾ ਜੀਵਨ ਚਰਿਤ੍ਰ ਤਾਂ ਪੜ੍ਹਿਆ ਹੈ ਪਰ ਇਸ ਤੋਂ ਕੁਛ ਲਾਭ ਵੀ ਉਠਾਯਾ ਹੈ ਯਾ ਨਹੀਂ ? ਜੇਕਰ ਨਹੀਂ ਅਤੇ ਇਕ ਵਾਰਤਾ ਵਾਂਗੂ ਪਾਠ ਕਰਕੇ ਹੀ ਰੱਜ ਗਏ ਹੋ ਤਾਂ ਸ਼ੋਕ ! ਪਰ ਇਸ ਤੋਂ ਇਹੋ ਜੇਹੇ ਸੁਭਿ ਗੁਣ ਗ੍ਰਹਿਣ ਕਰੋ ਤਾਕਿ ਪੰਥ ਤੇ ਦੇਸ਼ ਦਾ ਭਲਾ ਹੋਵੇ, ਤੇ ਆਪ ਦਾ ਜੀਵਨ ਸੁਫਲ ਹੋਵੇ.

(੧) ਪੁਰਾਤਨ ਸਿੰਘਾਂ ਦੀ ਬਹਾਦਰੀ, ਸਚਾਈ, ਕੁਰਬ਼ਾਨੀ, ਦੇਸ਼ ਹਿਤ ਤੇ ਉਪਕਾਰਾਂ ਨੂੰ ਯਾਦ ਕਰ ੨ ਕੇ ਆਪਨੇ ਮਨ ਵਿੱਚ ਵੈਸੀ ਹੀ ਕੁਰਬਾਨੀ ਦੀ ਉਮੰਗ ਪੈਦਾ ਕਰੋ ! ਦੇਸ ਦਾ ਤੇ ਕੌਮ ਦਾ ਹਿਤ ਕਰੋ, ਦੁਸ਼ਮਨਾਂ ਦੇ ਝੂਠੇ ਬੁਲਾਰਿਆਂ ਤੋਂ ਬਚੋ, ਤੇ ਆਪਸ ਵਿੱਚ ਹੀ ਬਾਂਸ ਦੀ ਅਗ ਵਾਂਗੂ ਪਾਟੋਧਾੜ ਨਾਲ ਨ ਸੜ ਮਰੋ, ਜੇਕਰ ਆਪਨੇ ਅਗੇ ਹੀ ਏਨਾਂ ਸੁਭਿ ਗੁਣਾਂ ਨੂੰ ਧਾਰਨ ਕੀਤਾ ਹੋਯਾ ਹੈ ਤਾਂ ਆਪ ਧੰਨਯ ਹੋ !

(੨) ਜਿਸਤ੍ਰਾਂ ਸਚਾਈ ਨਾਲ ਕੰਮ ਕਰਨ ਵਾਲੇ ਸ੍ਰਦਾਰ ਹਰੀਸਿੰਘ ਜੀ ਦਾ ਕਦਰ ਮਹਾਰਾਜਾ ਰੰਜੀਤਸਿੰਘ ਜੀ ਆਪਨੇ ਸਬ ਮੁਖੀ ਦਰਬਾਰੀਆਂ ਤੋਂ ਵਧੀਕ ਕਰਦੇ ਸੀ,ਇਸੇ ਤ੍ਰਾਂ ਆਪ ਵੀ ਕੌਮ ਤੇ ਦੇਸ ਦਾ ਭਲਾ ਕਰਨ ਵਾਲਿਆਂ ਸਜਨਾਂ ਦੀ ਕਦਰ ਕਰੋ ਅਤੇ ਖੁਦਗਰਜ਼ੀ ਨੂੰ ਛਡੋ! ਜਦ ਤਕ ਆਪਸ ਵਿੱਚ ਭਰੋਸਾ, ਤੇ ਗੁਣੀਆਂ ਸ੍ਰੇਸ਼ਟ ਪੁਰਸ਼ਾਂ ਤੇ ਸੇਵਕਾਂ ਦੀ ਕਦਰ ਕਰਨ ਦੀ ਸੁਭਿ ਆਦਤ ਨ ਪ੍ਰਗਿਰੇਗੀ ਤਦ ਤਕ ਕੌਮ ਦੀ ਤਰੱਕੀ ਮੁਸ਼ਕਿਲ ਹੈ.

ਬ੍ਰਾਹਮਣ ਕੌਮ ਵ ਹੋਰ ਲੋਕਾਂ ਦੀਆਂ ਦੋਰੰਗੀਆਂ ਚਾਲਾਂ ਤੋਂ ਸਦਾ ਬਚਦੇ ਰਹੋ ਅਤੇ ਰਾਜ ਭਗਤੀ ਦਾ ਅੰਸ ਪੂਰਾ ੨ ਪਾਲੋ!

ਦੇਖੋ ਸਰਦਾਰ ਹਰੀਸਿੰਘ ਜੀ ਨੇ ਕਿਸ ਤਰਾਂ ਜਾਨ ਹੀਲਾ੨ ਕੇ ਤਨ, ਮਨ, ਧਨ, ਤੇ ਪਰਮ ਪਿਆਰੀ ਸੈਨਾ ਦੀ ਵੀ ਇਤਨੀ ਪਰਵਾਹ ਨ ਕਰਕੇ ਮਹਾਰਾਜੇ ਦੀ ਸੇਵਾ ਤੇ ਦੇਸ਼ ਦਾ ਹਿਤ ਕੀਤਾ, ਤੇ ਆਪਨੀ ਜਾਨ ਵੀ ਕੁਰਬਾਨ ਕਰ ਦਿੱਤੀ, ਪਰੰਤੂਏਹ (ਬ੍ਰਾਹਮਣ) ਵਜ਼ੀਰਤਦਵੀ ਐਸੇ ਸਚੇ ਦੇਸ਼ ਰਖਛਕ ਨਾਲ ਪੁਜਕੇ ਦ੍ਵੈਖਹੀ ਕਰਦੇ ਰਹੇ! ਸਿੰਘਾਂ ਦਾ ਐਸ਼ਵਰਯ ਨਸ਼੍ਟ ਕਰਨ ਦਾ ਮੂਲਬੀਜ ਏਹੋਵਜ਼ੀਰ ਸਨ!ਜੈਸਾਕਿ ਆਪ ਪਿਛੇਪੜ੍ਹ ਹੀ ਚੁਕੇਹੋ!ਤਵਾਰੀਖਾਂ ਏਨ੍ਹਾਂ ਦੀਆਂ ਸ੍ਵਾਰਥ ਸਿਧੀਆਂ ਦਾ ਸਬੂਤ ਦੇ ਰਹੀਆਂ ਹਨ, ਕਿ ਏਹ ਆਪਨੇ ਰਛਖਕਦਾ ਭਲਾ ਨਹੀਂ ਕਰਦੇਰਹੇ, ਹੁਨ ਵੀ ਜੋ ਜ਼ਿਆਦਾ ਦੁਖ ਤੇ ਤਕਲੀਫ਼ਾਂ ਸਿੰਘਾਂ ਨੂੰ ਪਹੁੰਚਦੀਆਂ ਹਨ ਤੇ "ਛਕੋ ੨ ਦਾ ਹੁਕਮ ਜਾਰੀ ਕੀਤਾ ਜਾਂਦਾ ਹੈ ਸੋ ਤਕ੍ਰੀਬਨ ਸਬ ਏਨਾਂ ਦੇ ਹਥੋਂ ਹੀ ਹੈ,ਬਚੋ ਤੇ ਸੰਭਲੋ!

(੪) ਆਪਨੇਕੰਮ ਵਿੱਚ ਕਦੀ ਗਾਫ਼ਲਤੇ ਸੁਸਤ ਨ ਹੋਵੇ,

ਸਦਾ ਤਿਆਰ ਬਰਤਿਆਰ ਤੇ ਮਾਲਕ ਦੇ ਸਚੇ ਖੈਰਖ੍ਵਾਹ ਰਹੋ। ਦੇਖੋ ਕਿ ਸਰਦਾਰ ਹਰੀਸਿੰਘ ਜੀ ਨੇ ਆਪਣੀ ਬੀਮਾਰੀ ਦੀ ਹਾਲਤ ਵਿੱਚ ਵੀ ਆਪਣੇ ਸੁਵਾਮੀ ਦੀ ਸੇਵਾ ਤੇ ਦੇਸ਼ ਹਿਤ ਤੋ ਮੂਹ ਨਹੀਂ ਮੋੜਿਆ ਤੇ ਜਾਨ ਤਕ ਕੁਰਬਾਨ ਕਰ ਦਿੱਤੀ.

(੫) ਸਦਾ ਸਚਾਈ ਤੇ ਰਾਜਨੀਤਿ ਦੇ ਅਸੂਲਾਂ ਮੁਤਾਬਿਕ ਆਪਣਾ ਜੀਵਨ ਬਤੀਤ ਕਰੋ, ਦੇਖੋ ਸਰਦਾਰ ਹਰੀਸਿੰਘ ਜੀ ਨੇ ਇਤਨਾ ਮਰਤਬਾ ਤੇ ਦੌਲਤ ਪਾਂਕੇ ਕਦੇ ਨਾਚ, ਤਮਾਸ਼ੇ ਵਗੈਰਾ ਗੰਦੀ ਬਾਤ ਦਾ ਖਿਆਲ ਤਕ ਨਹੀਂ ਕੀਤਾ ਤੇ ਐਸੇ ਮਹਾਨ ਨਿੰਦਤ ਕੁਕਰਮਾਂ ਨੂੰ ਬਹੁਤ ਹੀ ਘ੍ਰਿਣਾ ਕਰਦੇ ਰਹੇ.

ਪਿਆਰੇ ਜੋ ਇਤਯਾਦਿਕ ਉਪਦੇਸ਼ ਆਪ ਇਸ ਪੁਸਤਕ ਤੋਂ ਗ੍ਰਹਿਣ ਕਰੋ ਤਾਂਕਿ ਆਪ ਨੂੰ ਇਸਦੇ ਪੜ੍ਹਨ ਦਾ ਕੁਛ ਫਲ ਪ੍ਰਾਪਤ ਹੋਵੇ ਅਤੇ ਆਪ ਦਾ ਭਲਾ ਤੇ ਕੌਮ ਤੇ ਦੇਸ਼ ਦੀ ਤ੍ਰੱਕੀ ਦਾ ਸਾਧਨ ਬਨੇ। ਮੈਨੂੰਉਮੈਦ ਹੈ ਕਿ ਆਪਐਸੀਆਂ੨ *ਪੁਸਤਕ ਜਿਤਨਾ ਹੋ ਸਕੇ ਇਸਤ੍ਰੀਆਂ ਨੂੰ ਵੀ ਜ਼ਰੂਰ ਪੜ੍ਹਾਓਗੇ.

---

*ਏਹ ਪੁਸਤਕ ਤਿਨ ਸੌ ਦਰਖਾਸਤ ਆਵਨ ਤੇ ਛਾਪੇ ਜਾਨਗੇ.

ਅੰਤ ਵਿੱਚ ਸ'ਨਮ੍ਰ ਪ੍ਰਾਰਥਨਾਹੈ ਕਿ ਵਿਦਵਾਨਗੁਣੀਜਨ ਜਿਥੇ ਕਿਥੇ ਦਾਸਦੀ ਭੁਲ ਦੇਖਨਸੋ ਬਖਸ਼ ਦੇਨ ਤੇ ਕ੍ਰਿਪਾ ਕਰਕੇ "ਭਾਈ ਅਮਰ ਸਿੰਘ" ਦੇ ਪਤੇ ਤੇ ਮੈਨੇਜਰ ਖਾਲਸਾ ਏਜੰਸੀ ਲਾਹੌਰ. ਨੂੰ ਖਤ ਭੇਜਕੇ ਕ੍ਰਿਤਾਰਥ ਕਰਨ ਤਾਕਿ ਗਲਤੀ ਸੋਧੀ ਜਾਵੇ.

ਸ੍ਰੀ ਵਾਹਿਗੁਰੂਜੀ ਕਾ ਖਾਲਸਾ
ਸ੍ਰੀਵਾਹਿਗੁਰੂ ਜੀਕੀ ਫਤਹ.

ਪੰਥਦਾ ਦਾਸ
ਕਰਤਾ.

ਮੌਡਲ ਪ੍ਰੈਸ, ਅਨਾਰਕਲੀ, ਲਾਹੌਰ ਵਿਚ
ਭਾਈ ਅਮਰ ਸਿੰਘ ਮੈਨੇਜਰ ਦੇ
ਯਤਨ ਨਾਲ ਛਪਿਆ.